JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 74 | Friday, April 15, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

**ਅੰਦਰ ਇਹ ਵੀ ਪੜ੍ਹੋ**

ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿਚ ਕੀਤਾ 1 ਫੀ ਸਦੀ ਦਾ ਵਾਧਾ



ਪੰਨਾ 03

ਕੇਜਰੀਵਾਲ ਨਾਲ ਅਫਸਰਾਂ ਦੀ ਮੀਟਿੰਗ ਦੀ ਜ਼ਿੰਮੇਵਾਰੀ ਭਗਵੰਤ ਮਾਨ ਨੇ ਆਪਣੇ ਸਿਰ ਲਈ


ਪੰਨਾ 05

## ਹਸਪਤਾਲਾਂ, ਟਰਾਂਜ਼ਿਟ ਲਈ ਮਾਸਕ ਸਬੰਧੀ ਨਿਯਮ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ : ਡਾ.ਮੂਰ

ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਪ੍ਰੋਵਿੰਸ ਵਿੱਚ ਮਾਸਕ ਸਬੰਧੀ ਨਿਯਮ ਜਾਰੀ ਰੱਖਣ ਦੀ ਸਿਫਾਰਿਸ਼ ਕੀਤੀ ਜਾ ਸਕਦੀ ਹੈ। ਉਚੇਚੇ ਤੌਰ ਉੱਤੇ ਇਸ ਨਿਯਮ ਨੂੰ ਹਸਪਤਾਲਾਂ, ਲਾਂਗ ਟਰਮ ਕੇਅਰ ਹੋਮਜ਼ ਤੇ ਪਬਲਿਕ ਟਰਾਂਜ਼ਿਟ ਵਿੱਚ ਜਾਰੀ ਰੱਖਿਆ ਜਾ ਸਕਦਾ ਹੈ। ਅਜਿਹਾ ਕੋਵਿਡ-19 ਦੇ ਨਵੇਂ ਸਟਰੇਨ ਦੇ ਫੈਲਣ ਕਾਰਨ ਕੀਤਾ ਜਾ ਰਿਹਾ ਹੈ। ਡ. ਕੀਰਨ ਮੂਰ ਵੱਲੋਂ ਇਹ ਪ੍ਰਸਤਾਵ ਸਰਕਾਰ ਨੂੰ ਸੌਂਪਿਆ ਜਾਵੇਗਾ। ਇਸ ਤਹਿਤ 27 ਅਪਰੈਲ ਨੂੰ ਮੁੱਕਣ ਜਾ ਰਹੇ ਕੋਵਿਡ-19 ਸਬੰਧੀ ਸਾਰੇ ਨਿਯਮਾਂ ਤੋਂ ਬਾਅਦ ਵੀ ਚਾਰ ਹਫਤਿਆਂ ਲਈ ਮਾਸਕ ਪਾਉਣ ਦੇ ਨਿਯਮ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਡਾ. ਮੂਰ ਵੱਲੋਂ ਇੱਕ ਇੰਟਰਵਿਊ ਦੌਰਾਨ ਦਿੱਤੀ ਗਈ।



ਉਨ੍ਹਾਂ ਆਖਿਆ ਕਿ ਇਸ ਨਾਲ ਅਸੀਂ ਉਨ੍ਹਾਂ ਲੋਕਾਂ ਦੀ ਹਿਫਾਜ਼ਤ ਕਰ ਸਕਾਂਗੇ ਜਿਹੜੇ ਨਾਜ਼ੁਕ ਸੈਕਟਰਜ਼ ਵਿੱਚ ਰਹਿ ਰਹੇ ਜਾਂ ਕੰਮ ਕਰ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਪ੍ਰੋਵਿੰਸ਼ੀਅਲ ਚੋਣਾਂ ਦੇ ਮੱਦੇਨਜ਼ਰ ਵੀ ਉਨ੍ਹਾਂ ਦੇ ਆਫਿਸ ਵੱਲੋਂ ਇਨ੍ਹਾਂ ਨਿਯਮਾਂ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਡਾ. ਮੂਰ ਦੀ ਸਿਫਾਰਿਸ਼ ਉੱਤੇ ਉਹ ਮਾਸਕ ਸਬੰਧੀ ਨਿਯਮਾਂ ਨੂੰ ਇਸ ਮਹੀਨੇ ਦੇ ਅਖੀਰ ਤੋਂ ਬਾਅਦ ਵੀ ਵਧਾ ਸਕਦੇ ਹਨ, ਇਸ ਵਿੱਚ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਹੋਵੇਗੀ।

## ਬਰੈਂਪਟਨ ਵਿੱਚ ਨਵਾਂ ਕਬੱਡੀ ਦਾ ਮੈਦਾਨ ਤਿਆਰ ਕਰਨ ਲਈ ਕਾਊਂਸਲਰਜ਼ ਰਾਜ਼ੀ

ਬਰੈਂਪਟਨ, 14 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਦੇ ਪੂਰਬੀ ਸਿਰੇ ਉੱਤੇ ਨਵਾਂ ਕਬੱਡੀ ਦਾ ਮੈਦਾਨ ਤਿਆਰ ਕਰਨ ਲਈ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਦੀ ਬੇਨਤੀ ਨੂੰ ਪਿੱਛੇ ਜਿਹੇ ਹੋਈ ਕਮੇਟੀ ਦੀ ਮੀਟਿੰਗ ਵਿੱਚ ਕਾਊਂਸਲ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਸਮਰਥਨ ਦਿੱਤਾ ਗਿਆ। ਸਟਾਫ ਨੂੰ ਨਵੇਂ ਜਾਂ ਮੌਜੂਦਾ ਪਾਰਕਲੈਂਡਜ਼ ਦੀ ਪਛਾਣ ਕਰਨ ਸਬੰਧੀ ਨਿਰਦੇਸ਼ ਦਿੱਤੇ ਗਏ ਜਿਨ੍ਹਾਂ ਨੂੰ ਕਬੱਡੀ ਦੇ ਸਥਾਈ ਮੈਦਾਨ ਵਿੱਚ ਬਦਲਿਆ ਜਾ ਸਕਦਾ ਹੈ। ਇਸ ਵਿੱਚ ਪਾਰਕਿੰਗ, ਟੈਂਪਰੇਰੀ ਸਟੈਂਡਜ਼, ਵਾਸ਼ਰੂਮ ਤੇ ਟੀਮ ਏਰੀਆਜ਼ ਕਾਇਮ ਕਰਨ ਦਾ ਧਿਆਨ ਰੱਖਣ ਲਈ ਵੀ ਸਟਾਫ ਨੂੰ ਹਦਾਇਤ ਦਿੱਤੀ ਗਈ।

ਕਾਊਂਸਲਰ ਢਿੱਲੋਂ ਨੇ ਆਖਿਆ ਕਿ ਕਬੱਡੀ ਬਰੈਂਪਟਨ ਵਿੱਚ ਕਾਫੀ ਹਰਮਨਪਿਆਰੀ ਖੇਡ ਹੈ। ਉਨ੍ਹਾਂ ਆਖਿਆ ਕਿ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ



ਨਵੀਆਂ ਫੈਸਿਲਿਟੀਜ਼ ਮੁਹੱਈਆ ਕਰਵਾਈਏ। ਇਸ ਮੈਦਾਨ ਦੀ ਉਸਾਰੀ ਨਾਲ ਅਸੀਂ ਲੋਕਲ ਟੂਰਨਾਮੈਂਟਸ ਵਿੱਚ ਵਾਧਾ ਕਰ ਸਕਾਂਗੇ ਤੇ ਇਹ ਸਿਟੀ ਦੇ ਪੂਰਬੀ ਹਿੱਸੇ ਵਿੱਚ ਰਹਿਣ ਵਾਲਿਆਂ ਨੂੰ ਕਾਫੀ ਨੇੜੇ ਵੀ ਪਵੇਗਾ।

ਢਿੱਲੋਂ ਨੇ ਆਖਿਆ ਕਿ ਇਹ ਉਨ੍ਹਾਂ ਦਾ ਟੀਚਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸਾਡੇ ਨੌਜਵਾਨ ਕਿਸੇ ਨਾ ਕਿਸੇ ਸ਼ਰੀਰਕ ਗਤੀਵਿਧੀ ਵਿੱਚ ਰੁੱਝੇ ਰਹਿਣ ਤੇ ਵੱਧ ਤੋਂ ਵੱਧ ਖੇਡਾਂ ਨੂੰ ਅਪਨਾਉਣ। ਇਸ ਨਾਲ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸਹੀ ਟਰੈਕ ਉੱਤੇ ਰੱਖ ਸਕਦੇ ਹਾਂ।

ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ ਅਤੇ ਕਾਰੋਬਾਰੀਆਂ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਦੀਆਂ ਵਧਾਈਆਂ। ਅਦਾਰਾ ਕਾਮਨਾ ਕਰਦਾ ਹੈ ਆਉਣ ਵਾਲਾ ਸਮਾਂ ਸਾਰਿਆਂ ਲਈ ਖੁਸ਼ੀਆਂ ਤੇ ਤਰੱਕੀਆਂ ਵਾਲਾ ਹੋਵੇ।




ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
Happy Vaisakhi
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

NOW HIRING !!!
ALLKIND INSURANCE
•Life Insurance
•Critical illness Ins
•Travel & Visitor Ins
•RESP & TFSA & RRSP
•Super Visa Insurance
•Mortgage Insurance
•Disability Insurance
•Funeral Insurance
SIMRAN SAINI
416.994.7272
www.allkindinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

GOOD Friday SALE
OURR HOME APPLIANCES
PRICE $4399 +TAX
SWITCH TO GAS STOVE IN JUST $299
PRICE $1449 +TAX
WE CARRY ALL MAJOR BRANDS
Unit #1, 241 Clarence St Brampton, On L6W 3E7 (416) 551 3343
44 Fasken Dr. # 2-9 Etobicoke, On M9W 5M8 (416) 792-0877
Unit #6 410 Lewis Road Stoney Creek, On L8E 5Y7 (905) 643-0818
Unit #4 - 1540 Fanshawe Park Road West London, On N6H 5L8 519-641-1010
KitchenAid SAMSUNG JENNAIR BOSCH MAYTAG LG moffat FRIGIDAIRE Electrolux Whirlpool
WWW.OURRHOMEAPPLIANCES.COM
(416) 792-0877 (416) 551 3343

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰੋ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਭੌਰਾ ਕੈਨੇਡੀਅਨ ਰੀਅਲ ਅਸਟੇਟ ਐਸੋਸਿਏਸ਼ਨ ਦੇ ਡਾਇਰੈਕਟਰ ਨਿਯੁਕਤ



ਬਰੈਂਪਟਨ, 14 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵਾਸੀ ਤੇ ਲੋਕਲ ਰੀਅਲ ਅਸਟੇਟ ਬ੍ਰੋਕਰ/ਓਨਰ ਗੁਰ-ਚਰਨ ਗੈਰੀ ਭੌਰਾ ਨੂੰ ਕੈਨੇਡੀਅਨ ਰੀਅਲ ਅਸਟੇਟ ਐਸੋਸਿਏਸ਼ਨ ਬੋਰਡ ਦੇ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਦੇ ਸਾਬਕਾ ਪ੍ਰੈਜ਼ੀਡੈਂਟ ਵੱਲੋਂ ਹੁਣ ਦੇਸ਼ ਭਰ ਦੀ 150,000 ਰਿਐਲਟਰ ਕਮਿਊਨਿਟੀ ਨਾਲ ਆਪਣੇ ਹੁਨਰ ਨੂੰ ਸਾਂਝਾ ਕੀਤਾ ਜਾਵੇਗਾ। ਇੱਕ ਨਿਊਜ਼ ਰਲੀਜ਼ ਵਿੱਚ ਭੌਰਾ ਨੇ ਆਖਿਆ ਕਿ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਤਕਨਾਲੋਜੀ ਦਾ ਵੀ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ।ਅਜੋਕੇ ਸਮੇਂ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਰੀਐਲਟਰ ਬ੍ਰੈਂਡ ਫਰੰਟ ਤੇ ਕੇਂਦਰ ਵਿੱਚ ਰਹੇ।ਉਨ੍ਹਾਂ ਆਖਿਆ ਕਿ ਉਹ ਇੰਡਸਟਰੀ ਨੂੰ ਉਸ ਨਾਲੋਂ ਬਿਹਤਰ ਰੂਪ ਦੇਣਗੇ ਜਿਸ ਤਰ੍ਹਾਂ ਉਹ ਉਨ੍ਹਾਂ ਨੂੰ ਮਿਲੀ ਹੈ। ਬਰੈਂਪਟਨ ਦੇ ਇਸ ਬ੍ਰੋਕਰ/ਓਨਰ ਨੂੰ ਬੀਤੇ ਦਿਨੀਂ ਓਟਵਾ ਵਿੱਚ ਹੋਈ ਸਾਲਾਨਾ ਕਾਨਫਰੰਸ ਵਿੱਚ ਦੋ ਸਾਲ ਦੇ ਅਰਸੇ ਲਈ ਚੁਣਿਆ ਗਿਆ। ਭੌਰਾ ਪਿਛਲੇ 22 ਸਾਲਾਂ ਤੋਂ ਇੰਡਸਟਰੀ ਦੀ ਸੇਵਾ ਕਰ ਰਹੇ ਹਨ।ਬਰੈਂਪਟਨ ਵਿੱਚ ਉਨ੍ਹਾਂ ਕੋਲ 200 ਸੇਲਜ਼ਪਰਸਨਜ਼ ਹਨ ਤੇ ਗਲੋਬਲ ਪੱਧਰ ਉੱਤੇ ਉਹ 21ਵਾਂ ਦਰਜਾ ਰੱਖਦੇ ਹਨ ਜਦਕਿ ਕੈਨੇਡਾ ਵਿੱਚ ਉਹ 15ਵੇਂ ਪਾਏਦਾਨ ਉੱਤੇ ਹਨ। ਇਸ ਤੋਂ ਪਹਿਲਾਂ ਭੌਰਾ ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਦੇ ਪ੍ਰੈਜ਼ੀਡੈਂਟ ਤੋਂ ਇਲਾਵਾ ਤਿੰਨ ਗੈਰ-ਮੁਨਾਫੇ ਵਾਲੇ ਬੋਰਡਜ਼ ਦੇ ਮੈਂਬਰ ਵੀ ਰਹਿ ਚੁੱਕੇ ਹਨ।ਉਹ ਕਈ ਕਮੇਟੀਆਂ ਦੇ ਚੇਅਰ ਵੀ ਰਹਿ ਚੁੱਕੇ ਹਨ।

# ਯੂਕਰੇਨ ਵਿਚ ਹੋ ਰਹੇ ਵਾਰ ਕ੍ਰਾਈਮਜ਼ ਦੀ ਜਾਂਚ ਵਿਚ ਮੱਦਦ ਕਰ ਰਿਹਾ ਹੈ ਕੈਨੇਡਾ : ਟਰੂਡੋ

ਓਟਵਾ, 14 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਤਵਾਰ ਨੂੰ ਆਖਿਆ ਕਿ ਯੂਕਰੇਨ ਵਿੱਚ ਹੋ ਰਹੇ ਵਾਰ ਕ੍ਰਾਈਮਜ਼ ਦੀ ਜਾਂਚ ਲਈ ਕੈਨੇਡਾ ਮਦਦ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਜਾਣਬੁੱਝ ਕੇ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਰੂਸ ਦੀਆਂ ਫੌਜਾਂ ਵੱਲੋਂ ਗੁਆਂਢੀ ਮੁਲਕਾਂ ਉੱਤੇ ਵੀ ਹਮਲੇ ਕੀਤੇ ਜਾ ਰਹੇ ਹਨ।



ਇੱਕ ਇੰਟਰਵਿਊ ਵਿੱਚ ਟਰੂਡੋ ਨੇ ਆਖਿਆ ਕਿ ਯੂਕਰੇਨ ਦੇ ਸ਼ਹਿਰ ਬੁੱਚਾ ਤੋਂ ਸਾਹਮਣੇ ਆ ਰਹੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਉਨ੍ਹਾਂ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਪੁਤਿਨ ਸੋਚ ਸਮਝ ਕੇ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਫਿਰ ਭਾਵੇਂ ਉਹ ਹਸਪਤਾਲ ਹੋਣ, ਟਰੇਨ ਸਟੇਸ਼ਨਜ਼ ਹੋਣ ਜਾਂ ਫਿਰ ਮੈਟਰਨਿਟੀ ਵਾਰਡ ਹੀ ਕਿਉਂ ਨਾ ਹੋਵੇ। ਟਰੂਡੋ ਨੇ ਅੱਗੇ ਆਖਿਆ ਕਿ ਇਸੇ ਲਈ ਕੈਨੇਡਾ ਉਨ੍ਹਾਂ ਮੁਲਕਾਂ ਵਿੱਚੋਂ ਪਹਿਲਾ ਹੈ ਜਿਨ੍ਹਾਂ ਨੇ ਪੁਤਿਨ ਦੇ ਇਨ੍ਹਾਂ ਵਾਰ ਕ੍ਰਾਈਮਜ਼ ਦੀ ਜਾਂਚ ਲਈ ਕੌਮਾਂਤਰੀ ਕ੍ਰਿਮੀਨਲ ਕੋਰਟ ਕੋਲ ਮੰਗ ਉਠਾਈ ਹੈ।

ਟਰੂਡੋ ਨੇ ਆਖਿਆ ਕਿ ਅਸੀਂ ਇਸ ਜਾਂਚ ਵਿੱਚ ਪੂਰੀ ਮਦਦ ਕਰ ਰਹੇ ਹਾਂ। ਅਸੀਂ ਲੋਕਾਂ ਨੂੰ ਤੇ ਪੂਰੀ ਦੁਨੀਆ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਨਾ ਸਿਰਫ ਕਿਸੇ ਦੇਸ਼ ਦੀ ਖੁਦਮੁਖ਼ਤਿਆਰੀ ਦੀ ਉਲੰਘਣਾ ਕਰਨਾ, ਗਲੋਬਲ ਪੱਧਰ ਉੱਤੇ ਅਸਥਿਰਤਾ ਪੈਦਾ ਕਰਨਾ-ਜਿਸ ਕਾਰਨ ਦੁਨੀਆਂ ਭਰ ਵਿੱਚ ਐਨਰਜੀ ਤੇ ਫੂਡ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ- ਬੱਜਰ ਗਲਤੀ ਹੈ ਸਗੋਂ ਪੁਤਿਨ ਵੱਲੋਂ ਪੂਰੇ ਹੋਸ਼ੋ ਹਵਾਸ ਵਿੱਚ ਕੀਤੇ ਜਾ ਰਹੇ ਵਾਰ ਕ੍ਰਾਈਮਜ਼ ਦਾ ਸਿਲਸਿਲਾ ਗਲਤ ਹੈ ਜਿਸ ਲਈ ਰੂਸੀ ਰਾਸ਼ਟਰਪਤੀ ਨੂੰ ਜਵਾਬਦੇਹ ਠਹਿਰਾਇਆ ਜਾਣਾ ਜ਼ਰੂਰੀ ਹੈ।

# ਸਕੂਲਾਂ ਵਿੱਚ ਮੁੜ ਮਾਸਕ ਸਬੰਧੀ ਨਿਯਮ ਲਾਗੂ ਕਰਨ ਦੇ ਪੱਖ ਵਿੱਚ ਓਟਵਾ ਸਕੂਲ ਬੋਰਡ ਨੇ ਕੀਤਾ ਵੋਟ

ਓਟਵਾ, 14 ਅਪਰੈਲ (ਪੋਸਟ ਬਿਊਰੋ) : ਪਿਛਲੇ ਮਹੀਨੇ ਪ੍ਰੋਵਿੰਸ ਵੱਲੋਂ ਮਾਸਕ ਦੀ ਲੋੜ ਖ਼ਤਮ ਕਰਨ ਦੇ ਫੈਸਲੇ ਦੇ ਬਾਵਜੂਦ ਓਟਵਾ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਦੇ ਟਰੱਸਟੀਜ਼ ਨੇ ਇੱਕ ਵਾਰੀ ਫਿਰ ਕਲਾਸਾਂ ਵਿੱਚ ਮਾਸਕ ਜ਼ਰੂਰੀ ਕਰਨ ਦੇ ਪੱਖ ਵਿੱਚ ਵੋਟ ਪਾਇਆ।



ਮੰਗਲਵਾਰ ਰਾਤ ਨੂੰ ਓਟਵਾ-ਕਾਰਲਟਨ ਡਿਸਟ੍ਰਿਕਟ ਸਕੂਲ ਬੋਰਡ (ਓਸੀਡੀਐਸਬੀ) ਦੇ ਸਾਹਮਣੇ ਮਤਾ ਪੇਸ਼ ਕਰਕੇ ਇਹ ਮੰਗ ਕੀਤੀ ਗਈ ਕਿ ਸਾਰੇ ਸਕੂਲਾਂ ਦੀਆਂ ਇਮਾਰਤਾਂ ਵਿੱਚ ਸਟਾਫ ਤੇ ਵਿਦਿਆਰਥੀਆਂ ਲਈ ਮਾਸਕ ਇੱਕ ਵਾਰੀ ਫਿਰ ਲਾਜ਼ਮੀ ਕੀਤੇ ਜਾਣ।ਟਰਸਟੀ ਜਸਟਿਨ ਬੈੱਲ ਮਤੇ ਦੇ ਪੱਖ ਵਿੱਚ ਸਨ ਤੇ ਉਨ੍ਹਾਂ ਆਖਿਆ ਕਿ ਇਹ ਮਤਾ ਵਿਦਿਆਰਥੀਆਂ ਤੇ ਸਟਾਫ ਦੀ ਸਿਹਤ ਤੇ ਸੇਫਟੀ ਲਈ ਹੀ ਲਿਆਂਦਾ ਗਿਆ ਹੈ।ਉਨ੍ਹਾਂ ਆਖਿਆ ਕਿ ਉਹ ਇਸ ਮਤੇ ਦਾ ਸਮਰਥਨ ਕਰਦੇ ਹਨ ਕਿਉਂਕਿ ਉਹ ਚਾਹੁੰਦੇ ਹਨ ਕਿ ਵਿਦਿਆਰਥੀ ਸਕੂਲਾਂ ਵਿੱਚ ਆਉਂਦੇ ਰਹਿਣ।

ਕਈ ਟਰੱਸਟੀਜ਼ ਮਾਸਕ ਸਬੰਧੀ ਨਿਯਮਾਂ ਨੂੰ ਮੁੜ ਲਾਗੂ ਕਰਨ ਲਈ ਸਹਿਮਤ ਵੀ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਪ੍ਰੋਵਿੰਸ਼ੀਅਲ ਪੱਧਰ ਉੱਤੇ ਹੀ ਮਾਸਕ ਸਬੰਧੀ ਨਿਯਮ ਹਟਾਅ ਲਏ ਗਏ ਹਨ ਤਾਂ ਅਜਿਹੇ ਵਿੱਚ ਸਕੂਲਾਂ ਵਿੱਚ ਇਨ੍ਹਾਂ ਨੂੰ ਮੁੜ ਲਾਗੂ ਕਰਨ ਦੀ ਕੀ ਤੁਕ ਬਣਦੀ ਹੈ।ਬੈੱਲ ਨੇ ਆਖਿਆ ਕਿ ਯੂਨੀਅਨਾਂ ਵੀ ਸਕੂਲਾਂ ਵਿੱਚ ਮਾਸਕ ਦੁਬਾਰਾ ਲਿਆਉਣ ਦੀ ਮੰਗ ਕਰ ਰਹੀਆਂ ਹਨ।

ਹਾਲਟਨ ਤੇ ਹੈਮਿਲਟਨ ਦੇ ਸਕੂਲ ਬੋਰਡਜ਼ ਵੱਲੋਂ ਵੀ ਇਸ ਹਫਤੇ ਦੇ ਅਖੀਰ ਵਿੱਚ ਇਸ ਤਰ੍ਹਾਂ ਦੇ ਮਾਸਕ ਸਬੰਧੀ ਮਤਿਆਂ ਉੱਤੇ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਸੰਭਾਵਨਾ ਹੈ।

# ਵਰਕਫੋਰਸ ਦੀ ਘਾਟ ਨੂੰ ਪੂਰਾ ਕਰਨ ਲਈ ਪ੍ਰੋਵਿੰਸ ਸ਼ੁਰੂ ਕਰੇਗਾ ਨਵੇਂ ਡਿਗਰੀ ਕੋਰਸ

ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਲੇਬਰ ਫੋਰਸ ਦੇ ਖੱਪੇ ਨੂੰ ਭਰਨ ਲਈ ਓਨਟਾਰੀਓ ਵੱਲੋਂ ਪਬਲਿਕ ਕਾਲਜ ਡਿਗਰੀ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ।

ਪਬਲਿਕ ਕਾਲਜ ਹੁਣ ਤਿੰਨ ਤੇ ਚਾਰ ਸਾਲ ਦੇ ਡਿਗਰੀ ਪ੍ਰੋਗਰਾਮ ਸ਼ੁਰੂ ਕਰ ਸਕਣਗੇ ਜਿਨ੍ਹਾਂ ਨਾਲ ਆਟੋ ਸੈਕਟਰ ਵਰਗੇ ਮੰਨੇ ਪ੍ਰਮੰਨੇ ਖੇਤਰਾਂ ਲਈ ਗ੍ਰੈਜੂਏਟਸ ਨੂੰ ਤਿਆਰ ਕੀਤਾ ਜਾ ਸਕੇਗਾ। ਪ੍ਰੋਵਿੰਸ ਦਾ ਕਹਿਣਾ ਹੈ ਕਿ ਤਿੰਨ ਸਾਲਾਂ ਦੇ ਅਪਲਾਈਡ ਡਿਗਰੀ ਪ੍ਰੋਗਰਾਮ ਕਾਲਜ ਪ੍ਰੋਗਰਾਮ ਦੀ





ਇਜਾਜ਼ਤ ਦਿੱਤੀ ਜਾਵੇਗੀ, ਜੋ ਕਿ ਤਕਨਾਲਜੀ ਨਾਲ ਜੁੜੀਆਂ ਨੌਕਰੀਆਂ ਲਈ ਹੁਨਰਮੰਦ ਕਾਮੇ ਤਿਆਰ ਕਰ ਸਕਣਗੇ। ਇਸ ਦੇ ਨਾਲ ਹੀ ਇਲੈਕਟ੍ਰਿਕ ਤੇ ਇਨਫਰਾਸਟ੍ਰਕਚਰ, ਜਿਵੇਂ ਕਿ ਸੜਕਾਂ ਤੇ ਟਰਾਂਜ਼ਿਟ ਦੇ ਨਿਰਮਾਣ ਲਈ ਵਰਕਰਜ਼ ਨੂੰ ਤਿਆਰ ਕੀਤਾ ਜਾ ਸਕੇਗਾ।

ਕਾਲਜ ਤੇ ਯੂਨੀਵਰਸਿਟੀਜ਼ ਮੰਤਰੀ ਜਿਲ ਡਨਲਪ ਨੇ ਆਖਿਆ ਕਿ ਸਰਕਾਰ ਦੀ ਇਹ ਯੋਜਨਾ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਕਰਨਾ ਹੈ ਤੇ ਆਟੋ ਸੈਕਟਰ ਵਿੱਚ ਪ੍ਰੋਵਿੰਸ ਨੂੰ ਨੌਰਥ ਅਮਰੀਕਾ ਵਿੱਚ ਲੀਡਰ ਬਣਾਉਣਾ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਇਸ ਨਵੇਂ ਪ੍ਰੋਗਰਾਮ ਤਹਿਤ 2023 ਦੇ ਅੰਤ ਤੱਕ ਵਿਦਿਆਰਥੀਆਂ ਦੇ ਦਾਖਲੇ ਸ਼ੁਰੂ ਕਰ ਦਿੱਤੇ ਜਾਣਗੇ।

# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿਚ ਕੀਤਾ 1 ਫੀ ਸਦੀ ਦਾ ਵਾਧਾ

ਓਟਵਾ, 14 ਅਪਰੈਲ (ਪੋਸਟ ਬਿਊਰੋ) : ਮਹਿੰਗਾਈ ਨਾਲ ਨਜਿੱਠਣ ਲਈ ਸੈਂਟਰਲ ਬੈਂਕ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਇੱਕ ਫੀ ਸਦੀ ਇਜਾਫਾ ਕੀਤਾ ਗਿਆ ਹੈ।

ਪਿਛਲੇ ਦੋ ਦਹਾਕਿਆਂ ਵਿੱਚ ਸੈਂਟਰਲ ਬੈਂਕ ਵੱਲੋਂ 50 ਬੇਸਿਸ ਅੰਕਾਂ ਦਾ ਵਾਧਾ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਹੈ ਕਿ ਉਹ ਮੁੜ ਨਿਵੇਸ਼ ਨੂੰ ਬੰਦ ਕਰਨ ਜਾ ਰਿਹਾ ਹੈ ਤੇ ਬੈਂਕ ਵੱਲੋਂ ਕੁਆਂਟੀਟੇਟਿਵ ਟਾਈਟਨਿੰਗ ਵੀ ਸ਼ੁਰੂ ਕੀਤੀ ਜਾਵੇਗੀ।

ਬੁੱਧਵਾਰ ਨੂੰ ਜਾਰੀ ਕੀਤੀ ਇੱਕ



ਰਲੀਜ਼ ਵਿੱਚ ਬੈਂਕ ਨੇ ਆਖਿਆ ਕਿ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਜਾ ਰਹੀ ਚੜ੍ਹਾਈ ਨਾਲ ਕਿਆਸ ਤੋਂ ਬਾਹਰ ਮਨੁੱਖੀ ਘਾਣ ਸ਼ੁਰੂ ਹੋ ਗਿਆ ਹੈ ਤੇ ਇਸ ਨਾਲ ਆਰਥਿਕ ਅਸਥਿਰਤਾ ਵੀ ਪੈਦਾ ਹੋ ਗਈ ਹੈ। ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ, ਨੈਚੂਰਲ ਗੈਸ ਤੇ ਹੋਰਨਾਂ ਵਸਤਾਂ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਹਨ ਤੇ ਮਹਿੰਗਾਈ ਵਿੱਚ ਕਾਫੀ ਵਾਧਾ ਹੋ ਰਿਹਾ ਹੈ। ਸਪਲਾਈ ਚੇਨ ਵਿੱਚ ਪੈਣ ਵਾਲੇ ਵਿਘਣ ਨਾਲ ਵੀ ਸਾਰਿਆਂ ਨੂੰ ਕਾਫੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਿਛਲੇ ਮਹੀਨੇ ਸੈਂਟਰਲ ਬੈਂਕ ਨੇ ਇੱਕ ਫੀ ਸਦੀ ਦੇ ਅੱਧੇ ਦਾ ਕੁਆਰਟਰ ਅੰਕ ਵਧਾਈਆਂ ਸਨ, ਇਹ 2018 ਤੋਂ ਲੈ ਕੇ ਹੁਣ ਤੱਕ ਦਾ ਪਹਿਲਾ ਵਾਧਾ ਸੀ।ਇਹ ਉਸ ਸਮੇਂ ਹੋਇਆ ਹੈ ਜਦੋਂ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਘਰਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ।

## ਹਿੱਟ ਐਂਡ ਰੰਨ ਮਾਮਲੇ ਵਿੱਚ ਮਹਿਲਾ ਗੰਭੀਰ ਜ਼ਖ਼ਮੀ

ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਵੀਰਵਾਰ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਜਿਸ ਗੱਡੀ ਵੱਲੋਂ ਮਹਿਲਾ ਨੂੰ ਟੱਕਰ ਮਾਰੀ ਗਈ ਉਸ ਦਾ ਡਰਾਈਵਰ ਮੌਕੇ ਉੱਤੇ ਨਹੀਂ ਰੁਕਿਆ। ਪੈਰਾਮੈਡਿਕਸ ਨੇ ਦੱਸਿਆ ਕਿ ਤੜਕੇ 3:15 ਵਜੇ ਦੇ ਨੇੜੇ ਤੇੜੇ ਸਪੈਡੀਨਾ ਐਵਨਿਊ ਤੇ ਕਿੰਗ ਸਟਰੀਟ ਉੱਤੇ ਇਹ ਹਾਦਸਾ ਵਾਪਰਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਹ ਕਾਲੇ ਰੰਗ ਦੀ ਮਰਸਡੀਜ਼ ਦੀ ਭਾਲ ਕਰ ਰਹੇ ਹਨ ਜਿਸ ਦਾ ਡਰਾਈਵਰ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਸਪੈਡਿਨਾ ਨੂੰ ਕਿੰਗ ਤੋਂ ਲੈ ਕੇ ਵੈਲਿੰਗਟਨ ਸਟਰੀਟ ਤੱਕ ਜਾਂਚ ਲਈ ਬੰਦ ਕਰ ਦਿੱਤਾ ਗਿਆ ਹੈ।

# ਇਟੋਬੀਕੋ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਅ ਜਾਣ ਦੀ ਜਾਂਚ ਕਰ ਰਹੀ ਹੈ ਪੁਲਿਸ

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਇਟੋਬੀਕੋ, 14 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਇਟੋਬੀਕੋ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੇ ਕਾਰਨਾਂ ਦਾ ਪਤਾ ਲਾਉਣ ਦੀ ਟੋਰਾਂਟੋ ਪੁਲਿਸ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰਾਤੀਂ 8:00 ਵਜੇ ਤੋਂ ਬਾਅਦ ਬਰਨਹੈਮਥੌਰਪ, ਈਸਟ ਮਾਲ ਤੇ ਵੈਸਟ ਮਾਲ ਇਲਾਕੇ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੀਆਂ ਪੁਲਿਸ ਨੂੰ ਕਈ ਰਿਪੋਰਟਾਂ ਮਿਲੀਆਂ।ਇੱਥੇ ਇੱਕ ਗੱਡੀ ਦੇ ਦੂਰ ਤੱਕ ਘਸੀਟੇ ਜਾਣ ਤੇ ਇੱਕ ਹੋਰ ਕਾਰ ਦੇ ਹਾਈਡਰੋ ਪੋਲ ਨਾਲ ਜਾ ਟਕਰਾਉਣ ਦਾ ਵੀ ਪਤਾ ਲੱਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੇ ਜਾਣ ਕਾਰਨ 427 ਉੱਤੇ ਦੇਰ ਹਣ ਦੀ ਸੰਭਾਵਨਾ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਰਾਤੀਂ 8:00 ਵਜੇ ਦੇ ਨੇੜੇ ਤੇੜੇ ਡਿਕਸੀ ਰੋਡ ਤੇ ਕੁਈਜ਼ਵੇਅ ਉੱਤੇ ਸੱਤ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਇੱਕ ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ ਤੇ ਇਸ ਲਾਂਘੇ ਨੂੰ ਬੰਦ ਕਰ ਦਿੱਤਾ ਗਿਆ। ਇੱਕ ਪੁਰਸ਼ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਕਿ ਕਈ ਗੱਡੀਆਂ ਦੀ ਟੱਕਰ ਤੇ ਬਰਨਥੌਰਪ ਵਾਲਾ ਹਾਦਸਾ ਆਪਸ ਵਿੱਚ ਜੁੜੇ ਹੋਏ ਹਨ।

# ਬਰੁੱਕਲਿਨ ਸਬਵੇਅ ਸ਼ੂਟਿੰਗ ਲਈ ਜ਼ਿੰਮੇਵਾਰ ਵਿਅਕਤੀ ਗ੍ਰਿਫਤਾਰ

ਨਿਊ ਯੌਰਕ, 14 ਅਪ੍ਰੈਲ (ਪੋਸਟ ਬਿਊਰੋ) : ਬਰੁੱਕਲਿਨ ਵਿੱਚ ਸਬਵੇਅ ਸਟੇਸ਼ਨ ਉੱਤੇ ਹਮਲਾ ਕਰਕੇ 10 ਵਿਅਕਤੀਆਂ ਨੂੰ ਜ਼ਖ਼ਮੀ ਕਰਨ ਵਾਲੇ ਵਿਅਕਤੀ ਨੂੰ ਬੁੱਧਵਾਰ ਦੁਪਹਿਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਪੁਲਿਸ ਅਧਿਕਾਰੀਆਂ ਨੇ ਦਿੱਤੀ।

ਮੈਨਹਟਨ ਵਿੱਚ 62 ਸਾਲਾ ਫਰੈਂਕ ਆਰ•ਜੇਮਜ਼ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਸਬੰਧ ਵਿੱਚ ਗ੍ਰਿਫਤਾਰ ਕਰਨ ਵਾਲੀ ਏਜੰਸੀ ਸਮੇਤ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।ਜੇਮਜ਼, ਜਿਸ ਨੇ ਕਥਿਤ ਤੌਰ ਉੱਤੇ ਮੰਗਲਵਾਰ ਨੂੰ ਬਰੁੱਕਲਿਨ ਵਿੱਚ ਸਬਵੇਅ ਟਰੇਨ ਉੱਤੇ ਗੋਲੀਆਂ ਚਲਾ ਕੇ 10



ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ, ਦੀ ਭਾਲ ਵਿੱਚ ਪੁਲਿਸ ਨੇ ਦੇਰ ਰਾਤ ਤੱਕ ਸਾਰਾ ਇਲਾਕਾ ਗਾਹਿਆ। ਇਸ ਹਮਲੇ ਨਾਲ ਮਹਾਂਮਾਰੀ ਤੋਂ ਉਭਰ ਰਿਹਾ ਨਿਊ ਯੌਰਕ ਇੱਕ ਵਾਰੀ ਫਿਰ ਠਹਿਰ ਗਿਆ।

ਜੇਮਜ਼ ਦੀ ਭਾਲ ਇਸ ਲਈ ਕੀਤੀ ਜਾ ਰਹੀ ਸੀ ਕਿਉਂਕਿ ਉਸ ਨੇ ਇਸ ਹਮਲੇ ਤੋਂ ਪਹਿਲਾਂ ਇੱਕ ਵੈਨ ਕਿਰਾਏ ਉੱਤੇ ਲਈ ਸੀ। ਸ਼ੁਰੂ ਵਿੱਚ ਜਾਂਚਕਾਰਾਂ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਪੱਕਾ ਨਹੀਂ ਸੀ ਕਿ ਇਸ ਹਮਲੇ ਨੂੰ ਉਸ ਨੇ ਹੀ ਅੰਜਾਮ ਦਿੱਤਾ ਹੋਵ-ੇਗਾ। ਪਰ ਫਿਰ ਉਨ੍ਹਾਂ ਜੇਮਜ਼ ਦੀਆਂ ਸੋਸ਼ਲ ਮੀਡੀਆ ਪੋਸਟਸ ਦਾ ਨਰੀਖਣ ਕੀਤਾ ਤਾਂ ਪਾਇਆ ਕਿ ਜੇਮਜ਼ ਵੱਲੋਂ ਅਮਰੀਕਾ ਨੂੰ ਨਸਲੀ ਥਾਂ ਦੱਸਿਆ ਗਿਆ ਸੀ ਤੇ ਇਹ ਵੀ ਆਖਿਆ ਗਿਆ ਸੀ ਕਿ ਇਹ ਦੇਸ਼ ਹਿੰਸਾ ਦਾ ਗੜ੍ਹ ਹੈ ਤੇ ਇਸ ਦੀ ਮੌਤ ਵੀ ਹਿੰਸਾ ਨਾਲ ਹੀ ਹੋਵੇਗੀ। ਕਈ ਵਾਰੀ ਉਸ ਵੱਲੋਂ ਸਿਟੀ ਦੇ ਮੇਅਰ ਐਰਿਕ ਐਡਮਜ਼ ਖਿਲਾਫ ਵੀ ਆਵਾਜ਼ ਉਠਾਈ ਗਈ ਸੀ। ਪੁਲਿਸ ਕਮਿਸ਼ਨਰ ਕੀਚੈਂਟ ਸਿਊਵੈਲ ਨੇ ਇਨ੍ਹਾਂ ਪੋਸਟਸ ਨੂੰ ਚਿੰਤਾਜਨਕ ਦੱਸਿਆ ਤੇ ਜੇਮਜ਼ ਲਈ ਸਕਿਊਰਿਟੀ ਹੋਰ ਸਖ਼ਤ ਕਰ ਦਿੱਤੀ ਗਈ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਜੂਨ ਵਿੱਚ ਹੋਣ ਵਾਲੀਆਂ ਚੋਣਾਂ ਲਈ ਵੋਟਰਾਂ ਨੂੰ ਆਨਲਾਈਨ ਜਾਂ ਡਾਕ ਰਾਹੀਂ ਵੋਟ ਪਾਉਣ ਦੀ ਸਲਾਹ

ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਇਲੈਕਸ਼ਨ ਓਨਟਾਰੀਓ ਵੱਲੋਂ ਰੈਜ਼ੀਡੈਂਟਸ ਨੂੰ ਡਾਕ ਰਾਹੀਂ ਜਾਂ ਐਡਵਾਂਸ ਵਿੱਚ ਵੋਟਿੰਗ ਕਰਨ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਇਲੈਕਸ਼ਨ ਓਨਟਾਰੀਓ ਨੂੰ ਉਮੀਦ ਹੈ ਕਿ ਇਸ ਨਾਲ ਕੋਵਿਡ-19 ਦਰਮਿਆਨ ਹੋਣ ਵਾਲੀਆਂ ਚੋਣਾਂ ਵਾਲੇ ਦਿਨ ਪੋਲਿੰਗ ਸਟੇਸ਼ਨਜ਼ ਵਿੱਚ ਹੋਣ ਵਾਲੀ ਭੀੜ ਤੋਂ ਥੋੜ੍ਹੀ ਨਿਜਾਤ ਮਿਲ ਸਕੇਗੀ। ਇਸ ਸਮੇਂ ਸਿਆਸੀ ਪਾਰਟੀਆਂ ਮਹਾਂਮਾਰੀ ਦਰਮਿਆਨ ਕੈਂਪੇਨ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ ਤੇ ਕੈਂਪੇਨ ਨਾਲ ਸਬੰਧਤ ਹੋਰ ਪ੍ਰਬੰਧ ਵੀ ਕੀਤੇ ਜਾ ਰਹੇ ਹਨ। ਪਰ ਓਨਟਾਰੀਓ ਦੀਆਂ ਚੋਣਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਨੂੰ ਇਹ ਚੋਣਾਂ ਮਹਾਂਮਾਰੀ ਦਰਮਿਆਨ ਹੋਣ ਦੀ ਹੀ ਉਮੀਦ ਸੀ। ਉਨ੍ਹਾਂ ਆਖਿਆ ਕਿ ਚੀਫ ਇਲੈਕਟੋਰਲ ਆਫੀਸਰ ਗ੍ਰੈਗ ਅਸੈੱਸਾ ਨੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਨੂੰ 2020 ਦੀਆਂ ਗਰਮੀਆਂ ਵਿੱਚ ਲਿਖਿਆ ਸੀ ਕਿ ਚੋਣਾਂ ਲਈ ਇੱਕ ਟਾਸਕ ਫੋਰਸ ਦਾ ਇੰਤਜ਼ਾਮ ਕੀਤਾ ਜਾਵੇ। ਦੋਵੇਂ




ਆਫਿਸ ਉਦੋਂ ਤੋਂ ਨਿਯਮਿਤ ਤੌਰ ਉੱਤੇ ਮੀਟਿੰਗ ਕਰ ਰਹੇ ਹਨ।

ਇਲੈਕਸ਼ਨਜ਼ ਓਨਟਾਰੀਓ ਵੱਲੋਂ ਓਨਟਾਰੀਓ ਦੇ ਉੱਘੇ ਡਾਕਟਰ ਦੀ ਸਲਾਹ ਲਈ ਜਾ ਰਹੀ ਹੈ ਤੇ ਇਸ ਦੇ ਨਾਲ ਇਸ ਗੱਲ ਦਾ ਧਿਆਨ ਵੀ ਰੱਖਿਆ ਜਾ ਰਿਹਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਹੋਰਨਾਂ ਜਿਊਰਿਸਡਿਕਸ਼ਨਜ਼ ਵੱਲੋਂ ਇਹ ਚੋਣਾਂ ਕਿਸ ਤਰ੍ਹਾਂ ਕਰਵਾਈਆਂ ਗਈਆਂ ਹਨ। ਜਦੋਂ 2 ਜੂਨ ਨੂੰ ਵੋਟਰ ਵੋਟਾਂ ਪਾਉਣ ਆਉਣਗੇ ਤਾਂ ਉਨ੍ਹਾਂ ਨੂੰ ਫਿਜ਼ੀਕਲ ਡਿਸਟੈਂਸਿੰਗ, ਪਲੈਕਸੀਗਲਾਸ ਸਕਰੀਨਜ਼, ਹੈਂਡ ਸੈਨੇਟਾਈਜ਼ਰ ਤੇ ਮਾਸਕ ਆਦਿ ਮਿਲਣਗੇ। ਵੋਟਰਜ਼ ਨੂੰ ਮੂੰਹ ਢਕ ਕੇ ਆਉਣ ਦੀ ਲੋੜ ਨਹੀਂ ਹੋਵੇਗੀ ਪਰ ਜਿਹੜਾ ਅਜਿਹਾ ਕਰਨਾ ਚਾਹੁੰਦਾ ਹੈ ਉਹ ਅਜਿਹਾ ਕਰ ਸਕਦਾ ਹੈ।

## ਓਸ਼ਵਾ ਵਿੱਚ ਚੱਲੀ ਗੋਲੀ, ਮਹਿਲਾ ਜ਼ਖ਼ਮੀ, ਪੁਰਸ਼ ਹਿਰਾਸਤ ਵਿੱਚ

ਓਸ਼ਵਾ, 14 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਓਸ਼ਵਾ ਵਿੱਚ ਰਿਹਾਇਸ਼ੀ ਇਲਾਕੇ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ ਮਹਿਲਾਂ ਨੂੰ ਏਅਰਲਿਫਟ ਕਰਕੇ ਹਸਪਤਾਲ ਲਿਜਾਇਆ ਗਿਆ।

ਡੀਨ ਐਵਨਿਊ ਤੇ ਨੌਰਮੈਂਡੀ ਸਟਰੀਟ ਦੇ ਨਾਲ ਲੱਗਦੇ ਇਲਾਕੇ ਵਿੱਚ ਇੱਕ ਘਰ ਨੇੜੇ ਇਹ ਸੂਟਿੰਗ ਦੀ ਘਟਨਾ ਵਾਪਰੀ। ਪੁਲਿਸ ਨੇ ਆਖਿਆ ਕਿ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ, ਉਸ ਨੂੰ ਇੱਕ ਗੋਲੀ ਲੱਗੀ ਹੋਈ ਸੀ। ਉਸ ਦੀ ਸਥਿਤੀ ਕਿੰਨੀ ਗੰਭੀਰ ਸੀ ਇਸ ਬਾਰੇ ਅਜੇ ਕੁੱਝ ਨਹੀਂ ਆਖਿਆ ਜਾ ਸਕਦਾ।

ਇਸ ਸੂਟਿੰਗ ਦੇ ਸਬੰਧ ਵਿੱਚ ਇੱਕ ਪੁਰਸ਼ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਅਜੇ ਤੱਕ ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਉਸ ਉੱਤੇ ਕੀ ਚਾਰਜਿਜ਼ ਲਾਏ ਜਾਣਗੇ।

## ਭਾਰਤੀ ਮੂਲ ਦੇ ਵਿਦਿਆਰਥੀ ਤੇ ਇੱਕ ਹੋਰ ਵਿਅਕਤੀ ਦੇ ਕਤਲ ਦੇ ਸਬੰਧ 'ਚ 39 ਸਾਲਾ ਮਸ਼ਕੂਕ ਗ੍ਰਿਫਤਾਰ



ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਭਾਰਤੀ ਮੂਲ ਦੇ ਵਿਦਿਆਰਥੀ ਸਮੇਤ ਪਿੱਛੇ ਜਿਹੇ ਕੀਤੇ ਗਏ ਦੋ ਕਤਲਾਂ ਦੇ ਸਬੰਧ ਵਿੱਚ 39 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮੰਗਲਵਾਰ ਸਵੇਰੇ ਮੁਹੱਈਆ ਕਰਵਾਈ ਗਈ ਅਪਡੇਟ ਅਨੁਸਾਰ ਟੋਰਾਂਟੋ ਪੁਲਿਸ ਚੀਫ ਜੇਮਜ਼ ਰੇਮਰ ਨੇ ਆਖਿਆ ਕਿ ਪਿਛਲੇ ਹਫਤੇ ਵਾਪਰੀਆਂ ਸੂਟਿੰਗ ਦੀਆਂ ਦੋ ਘਟਨਾਵਾਂ ਦੇ ਸਬੰਧ ਵਿੱਚ ਐਤਵਾਰ ਸ਼ਾਮ ਨੂੰ ਮਸ਼ਕੂਕ ਨੂੰ ਪੁਲਿਸ ਨੇ ਉਸ ਦੇ ਘਰ ਤੋਂ ਜਾ ਦਬੋਚਿਆ। ਜ਼ਿਕਰਯੋਗ ਹੈ ਕਿ ਬੀਤੇ ਵੀਰਵਾਰ 21 ਸਾਲਾ ਕਾਰਤਿਕ ਵਾਸੂਦੇਵ ਨੂੰ ਸ਼ੇਰਬਰਨ ਸਬਵੇਅ ਸਟੇਸ਼ਨ ਉੱਤੇ ਗੋਲੀ ਮਾਰ ਦਿੱਤੀ ਗਈ ਸੀ।

ਸ਼ਨਿੱਚਰਵਾਰ ਸ਼ਾਮ ਨੂੰ ਡੰਡਸ ਤੇ ਜਾਰਜ ਸਟਰੀਟਸ ਦੇ ਲਾਂਘੇ ਨੇੜੇ ਕਿਸੇ ਅਜਨਬੀ ਵੱਲੋਂ 35 ਸਾਲਾਂ ਦੇ ਐਲਿਜਾਹ ਐਲੀਜ਼ਰ ਮਾਹੇਪਾਥ ਨੂੰ ਗੋਲੀ ਮਾਰ ਦਿੱਤੀ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਰੇਮਰ ਨੇ ਆਖਿਆ ਕਿ ਦੂਜੇ ਹਮਲੇ ਤੋਂ ਬਾਅਦ ਜਾਂਚਕਾਰ ਕਾਰਤਿਕ ਤੇ ਐਲਿਜਾਹ ਦੇ ਕਤਲ ਦਰਮਿਆਨ ਲਿੰਕ ਸਥਾਪਤ ਕਰਨ ਵਿੱਚ ਕਾਮਯਾਬ ਰਹੇ।

ਪੁਲਿਸ ਨੇ ਆਖਿਆ ਕਿ ਦੋਵਾਂ ਘਟਨਾਵਾਂ ਦੀਆਂ ਸਮਾਨਤਾਵਾਂ ਕਾਰਨ ਉਹ ਮਸ਼ਕੂਕ ਦਾ ਅੰਦਾਜ਼ਾ ਲਾਉਣ ਵਿੱਚ ਸਫਲ ਰਹੇ।

ਪੁਲਿਸ ਅਧਿਕਾਰੀਆਂ ਨੇ ਸਰਚ ਵਾਰੰਟ ਕਢਵਾ ਕੇ ਸਪੈਡੀਨਾ ਐਵਨਿਊ ਤੇ ਬਲੂਅਰ ਸਟਰੀਟ ਇਲਾਕੇ ਵਿੱਚ ਸਥਿਤ ਮਸ਼ਕੂਕ ਦੇ ਘਰ ਦੀ ਤਲਾਸ਼ੀ ਲੈਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ। ਰੇਮਰ ਨੇ ਆਖਿਆ ਕਿ ਮਸ਼ਕੂਕ ਨੂੰ ਗ੍ਰਿਫਤਾਰ ਕੀਤੇ ਜਾਣ ਸਮੇਂ ਕਈ ਭਰੇ ਹੋਏ ਹਥਿਆਰ ਉਸ ਦੇ ਕੋਲ ਜ਼ਮੀਨ ਉੱਤੇ ਪਏ ਸਨ। ਪੁਲਿਸ ਨੇ ਫਰਸਟ ਡਿਗਰੀ ਕਤਲ ਦੇ ਸਬੰਧ ਵਿੱਚ ਟੋਰਾਂਟੋ ਦੇ 39 ਸਾਲਾ ਰਿਚਰਡ ਜੌਨਾਥਨ ਐਡਵਿਨ ਨੂੰ ਚਾਰਜ ਕੀਤਾ ਹੈ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਤੇ ਉਸ ਦਾ ਸ਼ਿਕਾਰ ਬਣੇ ਦੋਵੇਂ ਵਿਅਕਤੀ ਇੱਕ ਦੂਜੇ ਨੂੰ ਨਹੀਂ ਸਨ ਜਾਣਦੇ। ਪੁਲਿਸ ਅਜੇ ਵੀ ਇਨ੍ਹਾਂ ਕਤਲਾਂ ਦੇ ਪਿੱਛੇ ਦਾ ਕਾਰਨ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਚੀਫ ਰੇਮਰ ਨੇ ਆਖਿਆ ਕਿ ਉਨ੍ਹਾਂ ਕੋਲ ਇਸ ਤਰ੍ਹਾਂ ਦੇ ਕਈ ਸਬੂਤ ਹਨ ਜਿਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਮਸ਼ਕੂਕ ਅੱਗੇ ਹੋਰ ਹਮਲਿਆਂ ਦੀ ਤਿਆਰੀ ਕਰ ਰਿਹਾ ਸੀ।

# ਕੈਨੇਡਾ ਆਉਣ ਉੱਤੇ ਇੰਟਰਨੈਸ਼ਨਲ ਟਰੈਵਲਰਜ਼ ਨੂੰ 14 ਦਿਨਾਂ ਲਈ ਮਾਸਕ ਲਾ ਕੇ ਰੱਖਣਾ ਹੋਵੇਗਾ

ਓਟਵਾ, 14 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਪਲ ਪਲ ਬਦਲ ਰਹੇ ਰੂਪ ਕਾਰਨ ਕੈਨੇਡਾ ਵਿੱਚ ਇੰਟਰਨੈਸ਼ਨਲ ਟਰੈਵਲ ਨਾਲ ਸਬੰਧਤ ਨਿਯਮਾਂ ਵਿੱਚ ਵੀ ਥੋੜ੍ਹੀ ਥੋੜ੍ਹੀ ਦੇਰ ਬਾਅਦ ਤਬਦੀਲੀ ਕਰਨੀ ਪੈ ਰਹੀ ਹੈ। ਬਹੁਤੇ ਪ੍ਰੋਵਿੰਸਾਂ ਵਿੱਚ ਇੰਡੋਰ ਸੈਟਿੰਗਜ਼ ਵਿੱਚ ਮਾਸਕ ਸਬੰਧੀ ਨਿਯਮਾਂ ਨੂੰ ਭਾਵੇਂ ਖ਼ਤਮ ਕੀਤਾ ਜਾ ਚੁੱਕਿਆ ਹੈ ਪਰ ਫੈਡਰਲ ਸਰਕਾਰ ਚਾਹੁੰਦੀ ਹੈ ਕਿ ਇੰਟਰਨੈਸ਼ਨਲ ਟਰੈਵਲ ਤੋਂ ਪਰਤਣ ਵਾਲੇ ਸਾਰੇ ਲੋਕ ਮਾਸਕ ਜ਼ਰੂਰ ਲਾ ਕੇ ਰੱਖਣ। ਪਹਿਲੀ ਅਪਰੈਲ ਤੋਂ ਲਾਗੂ ਹੋਏ ਨਵੇਂ ਨਿਯਮਾਂ ਵਿੱਚ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਇੰਟਰਨੈਸ਼ਨਲ ਟਰੈਵਲਰਜ਼ ਲਈ ਪਾਬੰਦੀਆਂ ਵਿੱਚ ਪੂਰੀ ਢਿੱਲ ਦੇ ਦਿੱਤੀ ਗਈ ਸੀ। ਜਿਸ ਨਾਲ ਹਰ ਕਿਸੇ ਲਈ ਜਹਾਜ਼ ਚੜ੍ਹਨਾ ਸੁਖਾਲਾ ਹੋ ਗਿਆ ਸੀ। ਹਾਲਾਂਕਿ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਉੱਤੇ ਨੈਗੇਟਿਵ ਕੋਵਿਡ-19 ਟੈਸਟ ਪੇਸ਼ ਨਹੀਂ ਕਰਨਾ ਹੋਵੇਗਾ ਪਰ ਅਜਿਹੇ ਕੁੱਝ ਨਿਯਮ ਅਜੇ ਵੀ ਹਨ ਜਿਨ੍ਹਾਂ ਨੂੰ ਮੰਨਣਾ ਟਰੈਵਲਰਜ਼ ਲਈ ਲਾਜ਼ਮੀ ਹੋਵੇਗਾ। 72 ਘੰਟਿਆਂ ਦੇ



ਅੰਦਰ ਅੰਦਰ ਹਰੇਕ ਟਰੈਵਲਰ ਨੂੰ ਆਪਣਾ ਐਰਾਈਵਕੈਨ ਫਾਰਮ ਜ਼ਰੂਰੀ ਮੁਕੰਮਲ ਕਰਨਾ ਹੋਵੇਗਾ, ਜਿਸ ਵਿੱਚ ਕੁਆਰਨਟੀਨ ਪਲੈਨ ਦਾ ਵੇਰਵਾ ਵੀ ਹੋਵੇਗਾ ਤੇ ਟਰੈਵਲਰਜ਼ ਨੂੰ ਆਪਣੀ ਵੈਕਸੀਨੇਸ਼ਨ ਦਾ ਸਬੂਤ ਵੀ ਅਪਲੋਡ ਕਰਨਾ ਹੋਵੇਗਾ।

ਨਵੇਂ ਨਿਯਮਾਂ ਅਨੁਸਾਰ ਏਅਰਪੋਰਟ ਛੱਡਣ ਤੋਂ ਬਾਅਦ :

- ਤੁਹਾਨੂੰ ਜਨਤਕ ਥਾਂਵਾਂ ਉੱਤੇ ਵਿਚਰਦੇ ਸਮੇਂ ਹਰ ਵੇਲੇ ਮਾਸਕ ਲਾ ਕੇ ਰੱਖਣਾ ਹੋਵੇਗਾ
- ਕੈਨੇਡਾ ਵਿੱਚ ਤੁਹਾਡੇ ਪਹਿਲੇ 14 ਦਿਨਾਂ ਲਈ ਨੇੜਲੇ ਕਾਂਟੈਕਟਸ ਦੀ ਲਿਸਟ ਵੀ ਕਾਇਮ ਕਰਨੀ ਹੋਵੇਗੀ
- ਕੋਵਿਡ-19 ਦੇ ਲੱਛਣਾਂ ਦੇ ਸਬੰਧ ਵਿੱਚ ਖੁਦ ਦੀ ਨਿਗਰਾਨੀ ਕਰਨੀ ਹੋਵੇਗੀ

ਉਸ ਸਮੇਂ ਇਹ ਨਿਯਮ ਬਿਲਕੁਲ ਵੱਖਰੇ ਹੋ ਜਾਣਗੇ ਜੇ ਤੁਹਾਨੂੰ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਉਣ ਦੇ ਬਾਵਜੂਦ ਏਅਰਪੋਰਟ ਉੱਤੇ ਪੀਸੀਆਰ ਟੈਸਟ ਲਈ ਰੋਕਿਆ ਜਾਂਦਾ ਹੈ। ਤੁਹਾਨੂੰ ਆਪਣੇ ਟੈਸਟ ਦੇ ਨਤੀਜੇ ਆਉਣ ਤੱਕ ਖੁਦ ਨੂੰ ਕੁਆਰਨਟੀਨ ਕਰਨ ਦੀ ਕੋਈ ਲੋੜ ਨਹੀਂ ਹੋਵੇਗੀ ਪਰ ਜੇ ਰਿਜ਼ਲਟ ਨੈਗੇਟਿਵ ਆ ਜਾਂਦਾ ਹੈ ਤਾਂ ਤੁਹਾਨੂੰ ਹੇਠ ਲਿਖੇ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ :

- ਲੋਕਲ ਪਬਲਿਕ ਹੈਲਥ ਮਾਪਦੰਡਾਂ ਦਾ ਪਾਲਣ
- ਕੈਨੇਡਾ ਵਿੱਚ ਆਪਣੇ ਪਹਿਲੇ 14 ਦਿਨਾਂ ਲਈ ਜਨਤਕ ਥਾਂਵਾਂ ਉੱਤੇ ਚੰਗੀ ਤਰ੍ਹਾਂ ਫਿੱਟ ਹੋਣ ਵਾਲਾ ਮਾਸਕ ਪਾ ਕੇ ਰੱਖਣਾ ਹੋਵੇਗਾ
- ਕੈਨੇਡਾ ਵਿੱਚ ਤੁਹਾਡੇ ਪਹਿਲੇ 14 ਦਿਨਾਂ ਲਈ ਨੇੜਲੇ ਕਾਂਟੈਕਟਸ ਤੇ ਜਿਹੜੀਆਂ ਥਾਂਵਾਂ ਉੱਤੇ ਤੁਸੀਂ ਜਾਵੋਂਗੇ ਉਨ੍ਹਾਂ ਦੀ ਲਿਸਟ ਵੀ ਕਾਇਮ ਕਰਨੀ ਹੋਵੇਗੀ
- ਕੋਵਿਡ-19 ਦੇ ਲੱਛਣਾਂ ਦੇ ਸਬੰਧ ਵਿੱਚ ਖੁਦ ਦੀ ਨਿਗਰਾਨੀ ਕਰਨੀ ਹੋਵੇਗੀ
- ਆਪਣੀ ਵੈਕਸੀਨੇਸ਼ਨ ਦੇ ਸਬੂਤ ਦੀਆਂ ਕਾਪੀਆਂ ਤੇ ਕੈਨੇਡਾ ਆਉਣ ਤੋਂ ਪਹਿਲਾਂ ਕਰਵਾਏ ਗਏ ਟੈਸਟ ਦੀਆਂ ਕਾਪੀਆਂ 14 ਦਿਨਾਂ ਤੱਕ ਸਾਂਭ ਕੇ ਰੱਖੋ

ਜੇ ਤੁਸੀਂ ਕੋਵਿਡ ਪਾਜ਼ੀਟਿਵ ਪਾਏ ਜਾਂਦੇ ਹੋ ਤਾਂ ਤੁਹਾਨੂੰ ਤੁਹਾਡੀ ਪ੍ਰੋਵਿੰਸ ਦੇ ਮੌਜੂਦਾ ਆਈਸੋਲੇਸ਼ਨ ਸਬੰਧੀ ਨਿਯਮਾਂ ਦੇ ਬਾਵਜੂਦ ਖੁਦ ਨੂੰ 10 ਦਿਨ ਲਈ ਆਈਸੋਲੇਟ ਕਰਨਾ ਹੋਵੇਗਾ। ਮਿਸਾਲ ਵਜੋਂ ਓਨਟਾਰੀਓ ਵਿੱਚ ਤੁਹਾਨੂੰ ਖੁਦ ਨੂੰ ਸਿਰਫ ਪੰਜ ਦਿਨਾਂ ਲਈ ਹੀ ਆਈਸੋਲੇਟ ਕਰਨਾ ਹੋਵੇਗਾ ਪਰ ਅਜਿਹੇ ਮਾਮਲੇ ਵਿੱਚ ਤੁਹਾਨੂੰ ਖੁਦ ਨੂੰ 10 ਦਿਨਾਂ ਲਈ ਆਈਸੋਲੇਟ ਕਰਨਾ ਹੋਵੇਗਾ।

ਤੁਹਾਨੂੰ ਆਪਣੇ ਟੈਸਟ ਰਿਜ਼ਲਟ ਤੇ ਲੱਛਣ ਪੀਐਚਏਸੀ ਨੂੰ ਵੀ ਰਿਪੋਰਟ ਕਰਨੇ ਹੋਣਗੇ।

## ਲਿਬਰਲਾਂ ਵੱਲੋਂ ਕੰਮ ਵਿੱਚ ਮਹਿਲਾਵਾਂ ਨੂੰ ਪਹਿਲ ਦੇਣ ਤੋਂ ਇਲਾਵਾ ਤਨਖਾਹ ਵਿੱਚ ਪਾਰਦਰਸ਼ਤਾ ਵਾਲਾ ਬਿੱਲ ਲਿਆਉਣ ਦਾ ਵਾਅਦਾ

ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਲਿਬਰਲਾਂ ਵੱਲੋਂ ਇਹ ਐਲਾਨ ਕੀਤਾ ਜਾ ਰਿਹਾ ਹੈ ਕਿ ਉਹ ਸਕੂਲ ਤੋਂ ਪਹਿਲਾਂ ਤੇ ਬਾਅਦ ਵਾਲੀ ਕੇਅਰ ਲਈ 10 ਡਾਲਰ ਰੋਜ਼ਾਨਾਂ ਦੀ ਯੋਜਨਾ ਲਿਆਉਣਗੇ, ਮਾਪਿਆਂ ਨੂੰ ਦਿੱਤੀ ਜਾਣ ਵਾਲੀ ਛੁੱਟੀ ਨੂੰ ਤਰਜੀਹ ਦੇਣਗੇ, ਕੰਮ ਵਿੱਚ ਮਹਿਲਾਵਾਂ ਨੂੰ ਪਹਿਲ ਦੇਣ ਤੋਂ ਇਲਾਵਾ ਤਨਖਾਹ ਵਿੱਚ ਪਾਰਦਰਸ਼ਤਾ ਵਾਲਾ ਬਿੱਲ ਲਿਆਉਣਗੇ। ਇਹ ਸਾਰੇ ਵਾਅਦੇ ਲਿਬਰਲਾਂ ਵੱਲੋਂ ਆਪਣੇ ਚੋਣ ਪਲੇਟਫਾਰਮ ਵਿੱਚ ਕੀਤੇ ਜਾ ਰਹੇ ਹਨ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਵੱਲੋਂ ਪਾਰਟੀ ਦੀ ਯੋਜਨਾ ਦਾ ਐਲਾਨ ਕਰਦਿਆਂ ਆਖਿਆ ਗਿਆ ਕਿ ਪ੍ਰੋਵਿੰਸ ਵਿੱਚ ਖੁਸ਼ਹਾਲੀ ਲਿਆਉਣ ਦਾ ਇੱਕੋ ਰਾਹ ਇਹ ਹੈ ਕਿ ਸਾਰੇ ਓਨਟਾਰੀਓ ਵਾਸੀਆਂ ਨੂੰ ਬਰਾਬਰ ਮੌਕੇ ਦਿੱਤੇ ਜਾਣ। ਪਾਰਟੀ ਵੱਲੋਂ ਇਹ ਐਲਾਨ ਵੀ ਕੀਤਾ ਜਾ ਰਿਹਾ ਹੈ ਕਿ ਜੇ ਉਹ 2 ਜੂਨ ਦੀਆਂ ਚੋਣਾਂ ਵਿੱਚ ਜਿੱਤਦੇ ਹਨ ਤਾਂ ਉਹ ਸਕੂਲ ਤੋਂ ਪਹਿਲਾਂ ਤੇ




ਬਾਅਦ ਵਾਲੀ ਕੇਅਰ 10 ਡਾਲਰ ਰੋਜ਼ਾਨਾ ਦੇ ਹਿਸਾਬ ਨਾਲ ਮੁਹੱਈਆ ਕਰਵਾਉਣਗੇ ਜਿਸ ਤਹਿਤ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਲਾਇਸੰਸਸ਼ੁਦਾ ਲੋਕਾਂ ਵੱਲੋਂ ਕੇਅਰ ਦਿੱਤੀ ਜਾਵੇਗੀ ਤੇ 18 ਮਹੀਨਿਆਂ ਦਾ ਪੇਰੈਂਟਲ ਲੀਵ ਪ੍ਰੋਗਰਾਮ ਵੀ ਸ਼ੁਰੂ ਕੀਤਾ ਜਾਵੇਗਾ।

ਇਸ ਸਮੇਂ ਮਾਪੇ 12 ਮਹੀਨਿਆਂ ਦੀਆਂ ਈਆਈ ਪੇਰੈਂਟਲ ਲੀਵ ਪੇਅਮੈਂਟਸ 18 ਮਹੀਨਿਆਂ ਤੱਕ ਨਿੱਕੀਆਂ ਨਿੱਕੀਆਂ ਕਿਸ਼ਤਾਂ ਵਿੱਚ ਲੈਂਦੇ ਰਹਿੰਦੇ ਹਨ। ਪ੍ਰੋਵਿੰਸ਼ੀਅਲ ਲਿਬਰਲਾਂ ਦਾ ਕਹਿਣਾ ਹੈ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਫੈਡਰਲ ਪ੍ਰੋਗਰਾਮ ਦੇ ਆਧਾਰ ਉੱਤੇ ਪੂਰੀਆਂ ਪੇਅਮੈਂਟਸ ਦੇਣਗੇ।

ਇਨ੍ਹਾਂ ਪ੍ਰਸਤਾਵਾਂ ਉੱਤੇ ਕਿੰਨਾ ਖਰਚਾ ਹੋਵੇਗਾ ਇਸ ਬਾਰੇ ਲਿਬਰਲਾਂ ਵੱਲੋਂ ਆਪਣੀ ਨਿਊਜ਼ ਰਲੀਜ਼ ਵਿੱਚ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਸਗੋਂ ਪਾਰਟੀ ਨੇ ਆਖਿਆ ਕਿ ਇਸ ਬਾਰੇ ਆਉਣ ਵਾਲੇ ਹਫਤਿਆਂ ਵਿੱਚ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਪੇਅ ਟਰਾਂਸਪੇਰੈਂਸੀ ਐਕਟ ਨੂੰ ਮੁੜ ਪੇਸ਼ ਕਰਨ ਦਾ ਐਲਾਨ ਵੀ ਕੀਤਾ ਗਿਆ ਜਿਹੜਾ ਸਾਬਕਾ ਲਿਬਰਲ ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ ਪਰ ਮੌਜੂਦਾ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋ ਇਸ ਨੂੰ ਕਦੇ ਲਾਗੂ ਨਹੀਂ ਕੀਤਾ ਜਾ ਸਕਿਆ।

ਇਸ ਤੋਂ ਇਲਾਵਾ ਲਿਬਰਲਾਂ ਵੱਲੋਂ ਓਨਟਾਰੀਓ ਵੂਮਨਜ਼ ਹੈਲਥ ਸਟਰੈਟੇਜੀ ਤਿਆਰ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਹੈ, ਜਿਸ ਤਹਿਤ ਸਕੂਲਾਂ, ਲਾਇਬ੍ਰੇਰੀਜ਼, ਟਰਾਂਜ਼ਿਟ ਸਟੇਸ਼ਨਾਂ ਤੇ ਹੋਰਨਾਂ ਜਨਤਕ ਥਾਂਵਾਂ ਉੱਤੇ ਮੈਨਸਟ੍ਰੂਅਲ ਪ੍ਰੋਡਕਟਸ ਮੁਫਤ ਵਿੱਚ ਮੁਹੱਈਆ ਕਰਵਾਉਣ ਦੀ ਤਜਵੀਜ਼ ਵੀ ਹੈ। ਇਸ ਦੇ ਨਾਲ ਹੀ ਓਨਟਾਰੀਓ ਫਰਟਿਲਿਟੀ ਪ੍ਰੋਗਰਾਮ ਦੇ ਪਸਾਰ ਲਈ ਐੱਗ ਫਰੀਜ਼ ਕਰਨ ਦੇ ਇੱਕ ਸਾਈਕਲ ਦੀ ਗੱਲ ਵੀ ਕੀਤੀ ਗਈ ਹੈ।

## ਨੌਰਥ ਯੌਰਕ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਦੋ ਵਿਅਕਤੀ ਜ਼ਖ਼ਮੀ

ਨੌਰਥ ਯੌਰਕ, 14 ਅਪਰੈਲ (ਪੋਸਟ ਬਿਊਰੋ) : ਕੇਲਡੋਨੀਆ ਦੇ ਨਾਲ ਲੱਗਦੇ ਇਲਾਕੇ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਵੀਰਵਾਰ ਨੂੰ ਰਾਤੀਂ 8:45 ਉੱਤੇ ਐਗਲਿੰਟਨ ਐਵਨਿਊ ਦੇ ਦੱਖਣ ਵੱਲ ਕਿਚਨਰ ਐਵਨਿਊ ਤੇ ਕੇਲਡੋਨੀਆ ਰੋਡ ਦੇ ਲਾਂਘੇ ਉੱਤੇ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਦੋ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸਨ, ਜ਼ਖ਼ਮੀ ਹੋ ਗਏ। ਇਹ ਰਿਪੋਰਟ ਵੀ ਮਿਲੀ ਹੈ ਕਿ ਦੋਵੇਂ ਵਿਅਕਤੀ ਬਾਈਕਸ ਜਾਂ ਡਰਟ ਬਾਈਕਸ ਚਲਾ ਰਹੇ ਸਨ ਜਦੋਂ ਗੱਡੀ ਵੱਲੋਂ ਉਨ੍ਹਾਂ ਨੂੰ ਟੱਕਰ ਮਾਰੀ ਗਈ। ਪੁਲਿਸ ਨੇ ਦੱਸਿਆ ਕਿ ਦੋਵਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਹੈ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਟੱਕਰ ਮਾਰਨ ਵਾਲੀ ਗੱਡੀ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ ਜਾਂ ਨਹੀਂ। ਨਾ ਹੀ ਜ਼ਖ਼ਮੀ ਹੋਏ ਵਿਅਕਤੀਆਂ ਦੇ ਲਿੰਗ ਤੇ ਉਮਰ ਦਾ ਹੀ ਪਤਾ ਲੱਗ ਸਕਿਆ ਹੈ।

## ਯੂ-ਹਾਲ ਟਰੱਕ ਹਾਦਸਾਗ੍ਰਸਤ, ਡਰਾਈਵਰ ਗ੍ਰਿਫਤਾਰ

ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਰਾਤ ਸਮੇਂ ਕੈਬੇਜਟਾਊਨ ਦੇ ਸਾਈਡਵਾਕ ਉੱਤੇ ਯੂ-ਹਾਲ ਟਰੱਕ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰਾਤੀਂ 10:30 ਵਜੇ ਤੋਂ ਬਾਅਦ ਡੰਡਸ ਤੇ ਸ਼ੇਰਬਰਨ ਸਟਰੀਟਸ ਉੱਤੇ ਮਿਲੀਆਂ ਇਸ ਹਾਦਸੇ ਦੀਆਂ ਖਬਰਾਂ ਤੋਂ ਬਾਅਦ ਟੋਰਾਂਟੋ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਨੇ ਦੱਸਿਆ ਕਿ ਇੱਕ ਯੂ-ਹਾਲ ਟਰੱਕ ਸਾਈਡਵਾਕ ਉੱਤੇ ਹਾਦਸਾਗ੍ਰਸਤ ਹੋ ਗਿਆ ਸੀ ਤੇ ਉਹ ਬਿਜਲੀ ਦੇ ਖੰਭੇ ਨਾਲ ਵੀ ਟਕਰਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਡਰਾਈਵਰ




ਨੂੰ ਮਾਮੂਲੀ ਸੱਟਾਂ ਹੀ ਲੱਗੀਆਂ ਤੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਡਰਾਈਵਰ ਉੱਤੇ ਕਿਹੜੇ ਚਾਰਜਿਜ਼ ਲਾਏ ਗਏ ਹਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# 'ਸਪੀਡ ਕਿੱਲਜ਼ ਕੈਂਪੇਨ' ਤਹਿਤ ਟੋਰਾਂਟੋ ਪੁਲਿਸ ਨੇ ਇੱਕ ਦਿਨ ਵਿੱਚ 32 ਡਰਾਈਵਰਾਂ ਨੂੰ ਜਾਰੀ ਕੀਤੀਆਂ ਟਿਕਟਾਂ

ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਆਪਣੀ "ਸਪੀਡ ਕਿੱਲਜ਼ ਕੈਂਪੇਨ" ਦੇ ਪਹਿਲੇ ਦਿਨ ਟੋਰਾਂਟੋ ਪੁਲਿਸ ਨੇ 32 ਡਰਾਈਵਰਾਂ ਨੂੰ ਟਿਕਟਾਂ ਜਾਰੀ ਕੀਤੀਆਂ।

ਸੋਮਵਾਰ ਨੂੰ ਪੁਲਿਸ ਦਾ ਦਿਨ ਕਾਫੀ ਰੁਝੇਵਿਆਂ ਭਰਿਆ ਰਿਹਾ ਤੇ ਪੁਲਿਸ ਡਰਾਈਵਰਾਂ ਨੂੰ ਹੌਲੀ ਗੱਡੀ ਚਲਾਉਣ ਦੀ ਅਪੀਲ ਕਰਦੀ ਰਹੀ। ਪੁਲਿਸ ਨੇ ਦੱਸਿਆ ਕਿ ਪਹਿਲੇ ਦਿਨ ਹੀ ਉਨ੍ਹਾਂ ਨੇ 32 ਡਰਾਈਵਰਾਂ ਨੂੰ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਤੇ ਉਨ੍ਹਾਂ ਨੂੰ ਜੁਰਮਾਨੇ




ਕੀਤੇ ਗਏ। ਇਹ ਮੁਹਿੰਮ 17 ਅਪਰੈਲ ਤੱਕ ਜਾਰੀ ਰਹੇਗੀ। ਪੁਲਿਸ ਨੇ ਦੱਸਿਆ ਕਿ ਪਿਛਲੇ ਸਾਲ ਟੋਰਾਂਟੋ ਦੀਆਂ ਸੜਕਾਂ ਉੱਤੇ 60 ਲੋਕ ਮਾਰੇ ਗਏ ਸਨ ਤੇ ਇਸ ਸਾਲ ਹੁਣ ਤੱਕ ਸੜਕਾਂ ਉੱਤੇ ਤੇਜ਼ ਰਫਤਾਰ ਗੱਡੀਆਂ ਦੀ ਬਦੌਲਤ 14 ਲੋਕ ਮਾਰੇ ਜਾ ਚੁੱਕੇ ਹਨ।

ਇੱਕ ਬਿਆਨ ਜਾਰੀ ਕਰਕੇ ਪੁਲਿਸ ਨੇ ਆਖਿਆ ਕਿ ਜਿਹੜੇ ਡਰਾਈਵਰ ਤੇਜ਼ ਰਫਤਾਰ ਨਾਲ ਗੱਡੀ ਚਲਾਉਂਦੇ ਹਨ, ਜਿਨ੍ਹਾਂ ਡਰਾਈਵਰਾਂ ਦਾ ਧਿਆਨ ਭਟਕਿਆ ਹੁੰਦਾ ਹੈ, ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ ਜਾਂ ਗੁੱਸੇ ਵਿੱਚ ਗੱਡੀ ਚਲਾਉਣ ਵਾਲਿਆਂ ਕਾਰਨ ਹਾਦਸੇ ਜਨਮ ਲੈਂਦੇ ਹਨ ਪਰ ਤੇਜ਼ ਰਫਤਾਰੀ ਹੀ ਉਹ ਕਾਰਕ ਹੈ ਜਿਸ ਕਾਰਨ ਹਾਦਸੇ ਦੀ ਗੰਭੀਰਤਾ ਵੱਧ ਜਾਂਦੀ ਹੈ।

2021 ਵਿੱਚ ਪੁਲਿਸ ਨੇ 103,758 ਟਿਕਟਾਂ ਤੇਜ਼ ਰਫਤਾਰ ਨਾਲ ਗੱਡੀਆਂ ਚਲਾਉਣ ਵਾਲਿਆਂ ਨੂੰ ਜਾਰੀ ਕੀਤੀਆਂ। ਜਿਨ੍ਹਾਂ ਵਿੱਚੋਂ 948 ਸਟੰਟ ਡਰਾਈਵਿੰਗ ਕਰਨ ਵਾਲਿਆਂ ਲਈ ਟਿਕਟਾਂ ਸਨ, ਇਹ ਉਹ ਲੋਕ ਸਨ ਜਿਹੜੇ ਮਿਥੀ ਗਈ ਮਿਆਦ ਨਾਲੋਂ 40 ਜਾਂ 50 ਕਿਲੋਮੀਟਰ ਵੱਧ ਨਾਲ ਗੱਡੀ ਚਲਾ ਰਹੇ ਸਨ। ਪੁਲਿਸ ਨੇ ਦੱਸਿਆ ਕਿ ਇਸ ਸਾਲ ਮਾਰਚ ਮਹੀਨੇ ਦੇ ਖ਼ਤਮ ਹੋਣ ਤੱਕ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਵਾਲਿਆਂ ਨੂੰ 21,000 ਟਿਕਟਾਂ ਜਾਰੀ ਕੀਤੀਆਂ ਗਈਆਂ ਤੇ 270 ਨੂੰ ਸਟੰਟ ਡਰਾਈਵਿੰਗ ਲਈ ਚਾਰਜ ਕੀਤਾ ਗਿਆ।

ਟੀਪੀਐਸ ਨੇ ਆਖਿਆ ਕਿ ਸਪੀਡ ਲਿਮਿਟ ਵੱਧ ਤੋਂ ਵੱਧ ਤੈਅ ਕੀਤੀ ਜਾਂਦੀ ਹੈ ਤੇ ਵੇਖਣ ਵਿੱਚ ਆਇਆ ਹੈ ਕਿ ਕਈ ਲੋਕ ਇਸ ਲਿਮਿਟ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਸ ਮੁਹਿੰਮ ਤਹਿਤ ਸਿਟੀ ਦੇ ਵਿਜ਼ਨ ਜ਼ੀਰੋ ਰੋਡ ਸੇਫਟੀ ਪਲੈਨ ਦਾ ਸਮਰਥਨ ਵੀ ਕੀਤਾ ਜਾ ਰਿਹਾ ਹੈ। ਇਹ ਪਲੈਨ ਟੋਰਾਂਟੋ ਦੀਆਂ ਸੜਕਾਂ ਉੱਤੇ ਟਰੈਫਿਕ ਨਾਲ ਸਬੰਧਤ ਮੌਤਾਂ ਤੇ ਸੱਟਾਂ ਨੂੰ ਘਟਾਉਣ ਲਈ ਤਿਆਰ ਕੀਤਾ ਗਿਆ ਹੈ।

## ਪ੍ਰੋਵਿੰਸ਼ੀਅਲ ਸਰਕਾਰ ਦੀਆਂ ਹਦਾਇਤਾਂ ਉੱਤੇ ਅਮਲ ਕਰਨ ਦਾ ਟੀਡੀਐਸਬੀ ਨੇ ਕੀਤਾ ਫੈਸਲਾ

ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਵੱਲੋਂ ਆਪਣੇ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਇੰਡੋਰਜ਼ ਵਿੱਚ ਮਾਸਕ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਪਰ ਬੋਰਡ ਦਾ ਕਹਿਣਾ ਹੈ ਕਿ ਭਾਵੇਂ ਓਟਵਾ ਦੇ ਟਰਸੱਟੀਜ਼ ਵੱਲੋਂ ਮੁੜ ਮਾਸਕ ਲਾਜ਼ਮੀ ਕਰ ਦਿੱਤੇ ਗਏ ਹੋਣ ਪਰ ਉਹ ਪ੍ਰੋਵਿੰਸ਼ੀਅਲ ਸਰਕਾਰ ਦੀ ਮਦਦ ਨਾਲ ਜਾਂ ਬਿਨਾਂ ਮਦਦ ਤੋਂ ਇਨ੍ਹਾਂ ਨੂੰ ਮੁੜ ਲਾਜ਼ਮੀ ਨਹੀਂ ਕਰਨ ਵਾਲਾ।

ਓਟਵਾ-ਕਾਰਲਟਨ ਸਕੂਲ ਬੋਰਡ ਨੇ ਮੰਗਲਵਾਰ ਨੂੰ ਇੱਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਬਿਲਡਿੰਗਾਂ ਵਿੱਚ ਮਾਸਕ ਪਾਏ ਜਾਣਗੇ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਮਹੀਨੇ ਫੋਰਡ ਸਰਕਾਰ ਵੱਲੋਂ ਬਹੁਤੀਆਂ ਥਾਂਵਾਂ ਉੱਤੇ ਮਾਸਕ ਦੀ ਪਾਬੰਦੀ ਖ਼ਤਮ ਕਰ ਦਿੱਤੀ ਸੀ। ਬੁੱਧਵਾਰ ਸਵੇਰੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੀ ਡਾਇਰੈਕਟਰ ਆਫ ਐਜੂਕੇਸ਼ਨ ਕੌਲੀਨ ਰੱਸਲ-ਰਾਲਿੰਜ਼ ਨੇ ਆਖਿਆ ਕਿ ਮਹਾਂਮਾਰੀ ਦੀ ਛੇਵੀਂ ਵੇਵ ਵਿੱਚੋਂ ਸਾਨੂੰ ਬਚਾਉਣ ਲਈ ਪ੍ਰੋਵਿੰਸ ਨੂੰ ਸਕੂਲਾਂ ਵਿੱਚ ਮਾਸਕ ਪਾਉਣਾ ਮੁੜ ਲਾਜ਼ਮੀ ਕਰ ਦੇਣਾ ਚਾਹੀਦਾ ਹੈ।

ਪਰ ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਤੱਕ ਅਜਿਹਾ ਨਹੀਂ ਹੁੰਦਾ ਉਦੋਂ ਤੱਕ ਬੋਰਡ ਦੇ ਹੱਥ ਬੰਨ੍ਹੇ ਹੋਏ ਹਨ। ਉਨ੍ਹਾਂ ਆਖਿਆ ਕਿ ਪ੍ਰੋਵਿੰਸ਼ੀਅਲ ਸਰਕਾਰ ਦੇ ਹੁਕਮਾਂ ਤੋਂ ਬਿਨਾਂ ਉਹ ਕਿਸੇ ਤਰ੍ਹਾਂ ਦੀ ਤਬਦੀਲੀ ਆਪਣੇ ਆਪ ਨਹੀਂ ਕਰ ਸਕਦੇ। ਬੁੱਧਵਾਰ ਨੂੰ ਮਾਪਿਆਂ ਨੂੰ ਭੇਜੇ ਪੱਤਰ ਵਿੱਚ ਟੀਡੀਐਸਬੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੋਵਿਡ ਦੇ ਮਾਮਲਿਆਂ ਤੋਂ ਬਚਣ ਲਈ ਵਿਦਿਆਰਥੀਆਂ ਨੂੰ ਸਹੀ ਫਿਟਿੰਗ ਵਾਲੇ ਮਾਸਕ ਪਾਉਣ ਲਈ ਤਾਂ ਆਖਿਆ ਜਾਂਦਾ ਹੈ ਪਰ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ।

## ਦੋ ਗੱਡੀਆਂ ਦੀ ਟੱਕਰ ਵਿੱਚ ਮਹਿਲਾ ਦੀ ਹੋਈ ਮੌਤ

ਬਰੈਂਪਟਨ, 14 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ।

ਪੀਲ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਰਾਤੀਂ 8:20 ਉੱਤੇ ਮੈਕਵੀਅਨ ਤੇ ਕੰਟਰੀਸਾਈਡ ਡਰਾਈਵਜ਼ ਉੱਤੇ ਵਾਪਰਿਆ। ਜਦੋਂ ਪੁਲਿਸ ਤੇ ਪੈਰਾਮੈਡਿਕਸ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਕਈ ਲੋਕਾਂ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਇੱਕ ਮਹਿਲਾ ਬਿਨਾਂ ਸਾਹ ਸਤ ਦੇ ਵੀ ਮਿਲੀ। ਕਾਂਸਟੇਬਲ ਮਨਦੀਪ ਖੱਟੜਾ ਨੇ ਆਖਿਆ ਕਿ 60 ਸਾਲਾਂ ਦੀ ਮਹਿਲਾ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਦੀ ਮੌਤ



ਹੋ ਗਈ।

ਇੱਕ ਡਰਾਈਵਰ ਨੂੰ ਵੀ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਖੱਟੜਾ ਨੇ ਦੱਸਿਆ ਕਿ ਦੋਵੇਂ ਜ਼ਖ਼ਮੀ ਇੱਕੋ ਗੱਡੀ ਵਿੱਚ ਸਵਾਰ ਸਨ। ਉਨ੍ਹਾਂ ਦੱਸਿਆ ਕਿ ਦੋ ਗੱਡੀਆਂ ਦੀ ਟੱਕਰ ਵਿੱਚ ਪੰਜ ਵਿਅਕਤੀ ਸ਼ਾਮਲ ਸਨ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant

Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

## ਅੱਜ ਨਾਮਾ

ਕੁਰਸੀ ਖੁੱਸਣ ਦੇ ਬਾਅਦ ਪੜਤਾਲ ਚੱਲੀ,
ਫਸਦਾ ਜਾਪ ਰਿਹਾ ਖਾਨ ਇਮਰਾਨ ਮੀਆਂ।
ਦਿੱਤਾ ਕਿਸੇ ਨੇ ਤੋਹਫੇ ਵਿੱਚ ਹਾਰ ਮਹਿੰਗਾ,
ਕਹਿੰਦੇ ਵੇਚ ਕੇ ਰਗੜ ਗਿਆ ਖਾਨ ਮੀਆਂ।
ਬੰਦਾ ਲੱਭਿਆ ਵੇਚਣ ਸੀ ਗਿਆ ਜਿਹੜਾ,
ਲੱਭ ਪਈ ਨਾਲ ਹੀ ਖਾਸ ਦੁਕਾਨ ਮੀਆਂ।
ਕਰਦਾ ਪਿਆ ਇਨਕਾਰ ਇਮਰਾਨ ਬੇਸ਼ੱਕ,
ਥਿੜਕਦੀ ਲੱਗਦੀ ਹੈ ਸਾਫ ਜ਼ਬਾਨ ਮੀਆਂ।
ਬਖਸ਼ਿਆ ਲੋਕਾਂ ਸੀ ਮਾਣ-ਸਨਮਾਨ ਤਕੜਾ,
ਸਕਿਆ ਸਮਝ ਨਹੀਂ ਮਾਣ ਦੀ ਲਾਜ ਮੀਆਂ।
ਖੁੱਸ ਗਈ ਗੱਦੀ ਤਾਂ ਸੜਕ ਸਵਾਰ ਹੋਇਆ,
ਸਾਂਭਿਆ ਗਿਆ ਨਹੀਂ ਖਾਨ ਤੋਂ ਰਾਜ ਮੀਆਂ।

ਤੀਸ ਮਾਰ ਖਾਂ

# ਮੌਸਮ ਦੀ ਖਰਾਬੀ ਕਾਰਨ ਮੁੱਖ ਮੰਤਰੀ ਪੰਜਾਬ ਨੇ ਐਮਰਜੈਂਸੀ ਮੀਟਿੰਗ ਬੁਲਾਈ

### * ਕਣਕ ਦੀ ਖਰੀਦ ਬਾਰੇ ਸਖ਼ਤ ਨਿਰਦੇਸ਼ ਜਾਰੀ



ਚੰਡੀਗੜ੍ਹ, 14 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਸ ਰਾਜ ਦੀਆਂ ਖਰੀਦ ਏਜੰਸੀਆਂ ਨੂੰ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਮੀਂਹ ਪੈਣ ਦੇ ਕੁਝ ਘੰਟਿਆਂ ਅੰਦਰ ਮੰਡੀਆਂ ਦਾ ਕੰਮਮੁੜ ਸ਼ੁਰੂ ਕਰਨ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਹਨ, ਤਾਂ ਕਿ ਕਿਸਾਨਾਂ ਨੂੰ ਖੱਜਲ-ਖੁਆਰ ਨਾ ਹੋਣਾ ਪਵੇ।ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਕਿਸਾਨਾਂ ਦੀ ਭਲਾਈ ਉੱਤੇ ਜ਼ੋਰ ਦਿੱਤਾ ਅਤੇ ਅਫਸਰਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਖਰਾਬ ਮੌਸਮ ਕਾਰਨ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ।

ਵਰਨਣ ਯੋਗ ਹੈ ਕਿ ਅੱਜ ਪੰਜਾਬ ਦੇ ਕਈ ਹਿੱਸਿਆਂ ਵਿੱਚ ਤੇਜ਼ ਹਵਾਵਾਂ ਦੇ ਨਾਲ ਹਲਕੀ ਬਾਰਿਸ਼ ਹੋਣ ਕਾਰਨ ਅਗਲੇ ਦਿਨ ਮੰਡੀਆਂ ਦੇ ਕੰਮ ਵਿੱਚ ਅਸਥਾਈ ਵਿਘਨ ਪੈਣ ਦਾ ਡਰ ਹੈ। ਇਸੇ ਦੌਰਾਨ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਉੱਤੇ ਕਾਰਵਾਈ ਕਰਦਿਆਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਮੰਡੀ ਬੋਰਡ, ਮਾਰਕਫੈੱਡ, ਪਨਸਪ, ਐਫਸੀਆਈ ਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਸੀਨੀਅਰ ਅਫਸਰਾਂ ਨੇ ਅੱਜ ਸ਼ਾਮ ਮੀਟਿੰਗ ਕਰਕੇ ਪੰਜਾਬ ਦੇ ਬਹੁਤੇ ਹਿੱਸਿਆਂ ਵਿੱਚ ਮੌਜੂਦ ਖਰਾਬ ਮੌਸਮ ਨਾਲਬਣੀ ਸਥਿਤੀ ਨਾਲ ਨਜਿੱਠਣ ਦੀ ਯੋਜਨਾ ਉਲੀਕੀ ਹੈ। ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਅਫਸਰਾਂਨੇ ਵਿਸਥਾਰਤ ਯੋਜਨਾ ਉਲੀਕ ਕੇ ਮੰਡੀ ਬੋਰਡ ਨੂੰ ਪੰਜਾਬ ਦੇ ਸਾਰੇ ਸਰੋਤ ਵਰਤਣ ਲਈ ਕਿਹਾ ਹੈ ਤਾਂ ਜੋ ਯਕੀਨੀ ਕੀਤਾ ਜਾਵੇ ਕਿ ਮੰਡੀ ਯਾਰਡ ਦੇ ਰੁਕਿਆ ਹੋਇਆ ਪਾਣੀ ਮੀਂਹ ਰੁਕਣ ਦੇ ਕੁਝ ਸਮੇਂ ਅੰਦਰ ਕੱਢਿਆ ਜਾ ਸਕੇ। ਉਨ੍ਹਾਂ ਕਿਹਾ ਕਿ ਮੰਡੀ ਬੋਰਡ ਨੂੰ ਕਿਹਾ ਗਿਆ ਹੈ ਕਿ ਮਾਰਕੀਟ ਕਮੇਟੀਆਂ ਵੱਲੋਂ ਸਮੱਸਿਆ ਦੇ ਨਿਬੇੜੇ ਲਈ ਵੱਡੀ ਗਿਣਤੀ ਵਿੱਚ ਮਨੁੱਖੀ ਸ਼ਕਤੀ ਤੇ ਪੰਪਿੰਗ ਸੈੱਟ ਲਾਏ ਜਾਣ। ਨਗਰ ਨਿਗਮਾਂ ਤਏ ਮਿਉਂਸਪਲ ਕਮੇਟੀਆਂ ਦੇ ਪੰਪਿੰਗ ਸੈੱਟ ਵੀ ਇਨ੍ਹਾਂ ਕੰਮਾਂ ਵਿੱਚਮਦਦ ਲਈ ਤਿਆਰ ਰੱਖਣ ਨੂੰ ਕਿਹਾ ਤੇ ਖਰੀਦ ਏਜੰਸੀਆਂ ਨੂੰ ਇਹ ਯਕੀਨੀ ਬਣਾਉਣ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਅਧਿਕਾਰੀ ਮੰਡੀਆਂ ਦਾ ਦੌਰਾ ਕਰਨ ਤੇ ਖੁਦ ਕਿਸਾਨਾਂ ਨੂੰ ਮਿਲ ਕੇ ਖਰੀਦ ਜਲਦੀ ਸ਼ੁਰੂਹੋਣ ਦਾ ਭਰੋਸਾ ਦੇਣ। ਮੰਡੀਆਂ ਵਿੱਚ ਪਏ ਅਨਾਜਬਾਰੇ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਸਟਾਕ ਨੂੰ ਤਰਪਾਲਾਂ ਨਾਲ ਢੱਕਿਆ ਗਿਆ ਤੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਸੈਕਟਰ ਅਫਸਰ ਮੰਡੀਆਂ ਵਿੱਚ ਪਈ ਸਾਰੀ ਜਿਣਸ ਦੀ ਵਿਹਾਰਿਕ ਤੌਰ ਉੱਤੇ ਜਾਂਚ ਕਰ ਕੇ ਯਕੀਨੀ ਬਣਾਉਣ ਕਿ ਫਸਲ ਸੁਰੱਖਿਅਤ ਰਹੇ।

# ਕੇਜਰੀਵਾਲ ਨਾਲ ਅਫਸਰਾਂ ਦੀ ਮੀਟਿੰਗ ਦੀ ਜ਼ਿੰਮੇਵਾਰੀ ਭਗਵੰਤ ਮਾਨ ਨੇ ਆਪਣੇ ਸਿਰ ਲਈ

### * ਦਿੱਲੀ ਦੇ ਤਜਰਬੇ ਬਾਰੇ ਜਾਨਣ ਲਈ ਅਫਸਰ ਮੈਂ ਭੇਜੇ ਸਨ : ਮਾਨ

ਚੰਡੀਗੜ੍ਹ, 14 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂਦਿੱਲੀਵਿੱਚ ਪੰਜਾਬ ਦੇ ਅਫਸਰਾਂ ਦੀ ਮੀਟਿੰਗ ਤੋਂ ਬਾਅਦ ਪੈਦਾ ਹੋਏ ਹੰਗਾਮੇ ਨੂੰ ਸ਼ਾਂਤ ਕਰ ਦਿੱਤਾ ਹੈ।ਭਗਵੰਤ ਮਾਨ ਨੇ ਕਿਹਾ ਕਿ ਬਿਜਲੀ ਵਿਭਾਗ ਤੇ ਸਰਕਾਰ ਦੇ ਉੱਚ ਅਫਸਰਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਕੋਲ ਖੁਦਹੀ ਭੇਜੇ ਸਨ।

ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਲੋੜ ਪਈ ਤਾਂ ਮੈਂ ਆਪਣੇ ਅਫਸਰਾਂ ਨੂੰ ਟਰੇਨਿੰਗ ਲਈ ਗੁਜਰਾਤ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਜਾਂ ਇਜ਼ਰਾਈਲ ਵੀਭੇਜਾਂ, ਇਸ ਉੱਤੇ ਕਿਸੇ ਨੂੰ ਇਤਰਾਜ਼ ਕਿਉਂ ਹੈ? ਭਗਵੰਤ ਮਾਨ ਨੇ ਕੇਜਰੀਵਾਲ ਸਰਕਾਰ ਬਾਰੇ ਕਿਹਾ ਕਿ ਉਹ ਸਿੱਖਿਆ, ਬਿਜਲੀ, ਸਿਹਤ ਦੇ ਮਾਹਿਰ ਹਨ, ਮੈਂ ਅਫਸਰਾਂ ਨੂੰ ਕਿਉਂ ਨਾ ਭੇਜਾਂ? ਵਰਨਣ ਯੋਗ ਹੈ ਕਿ ਇਸ ਹਫਤੇ ਦੇ ਸ਼ੁਰੂਵਿੱਚਪੰਜਾਬ ਦੇ ਅਫਸਰਾਂ ਨੇਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਸੀ, ਜਿੱਥੇਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਮੌਜੂਦ ਨਹੀਂ ਸਨ ਤੇ ਪੰਜਾਬ ਦੀ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਦੋਸ਼ ਲਾਇਆ ਸੀ ਕਿ ਪੰਜਾਬ ਦੀ ਮਾਨ ਸਰਕਾਰ ਰਿਮੋਟ ਕੰਟਰੋਲ ਨਾਲ ਦਿੱਲੀ ਤੋਂ ਚਲਾਈ ਜਾ ਰਹੀ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਸ ਗੱਲ ਨੂੰ ਸਖ਼ਤੀ ਨਾਲ ਰੱਦ ਕੀਤਾ ਕਿ ਉਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਨੇ ਉਨ੍ਹਾਂ ਨੂੰ ਪਾਸੇ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਵਿਰੋਧੀ ਇਹ ਕਹਿਣ ਵਾਲੇ ਕੌਣ ਹੈ? ਵਿਰੋਧੀ ਧਿਰ ਹੈ ਕਿੱਥੇ? ਐਵੇਂ ਆਲੋਚਨਾ ਖ਼ਾਤਰ ਆਲੋਚਨਾ ਨਾ ਕਰੋ। ਮੈਂ ਹੀ ਅਫਸਰਾਂ ਨੂੰ ਟ੍ਰੇਨਿੰਗ ਲਈ ਦਿੱਲੀ ਭੇਜਿਆ ਸੀ। ਉਹ ਚੰਗੀਆਂ ਗੱਲਾਂ ਸਿੱਖਣ ਲਈ ਕਿਤੇ ਵੀ ਜਾ ਸਕਦੇ ਹਨ? ਮੈਂ ਖੁਦ ਇਜਾਜ਼ਤ ਦਿੱਤੀ ਸੀ।'

ਅਰਵਿੰਦ ਕੇਜਰੀਵਾਲ ਨੇ ਸੋਮਵਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਦੇ ਉੱਚ ਅਫਸਰਾਂ ਨਾਲ ਮੀਟਿੰਗ ਕੀਤੀ ਸੀ, ਜਿਸ ਵਿੱਚ ਪੰਜਾਬ ਦੇ ਚੀਫ ਸੈਕਟਰੀ ਤੇ ਬਿਜਲੀ ਬਾਰੇ ਸੈਕਟਰੀ ਮੌਜੂਦ ਸਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਮੀਟਿੰਗ ਦੀ ਆਲੋਚਨਾ ਕੀਤੀ ਅਤੇ ਲਿਖਿਆ ਸੀ ਕਿ 'ਅਰਵਿੰਦ ਕੇਜਰੀਵਾਲ ਨੇ ਆਸ ਤੋਂ ਬਹੁਤ ਪਹਿਲਾਂ ਪੰਜਾਬ ਉੱਤੇ ਕਬਜ਼ਾ ਕਰ ਲਿਆ। ਭਗਵੰਤ ਮਾਨ ਰਬੜ ਦੀ ਮੋਹਰ ਹੈ।' ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਟਵੀਟ ਕੀਤਾ ਕਿ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਹਾਜ਼ਰੀ ਵਿੱਚਅਫਸਰ ਸੱਦੇ, ਇਹ ਅਸਲੀ ਮੁੱਖ ਮੰਤਰੀਉੱਤੇ ਦਿੱਲੀਦੇ ਰਿਮੋਟ ਕੰਟਰੋਲ ਨੂੰ ਬੇਨਕਾਬ ਕਰਦਾ ਅਤੇ ਫੈਡਰਲਿਜ਼ਮ ਦੀ ਸਪੱਸ਼ਟ ਉਲੰਘਣਾ ਅਤੇ ਪੰਜਾਬੀ ਸਵੈ-ਮਾਣ ਦਾ ਅਪਮਾਨ ਹੈ।

# ਈ ਡੀ ਨੂੰ ਸਾਬਕਾ ਮੁੱਖ ਮੰਤਰੀ ਚੰਨੀ ਦੀ ਭੂਮਿਕਾ ਅਜੇ ਵੀ ਸ਼ੱਕ ਵਾਲੀ ਨਜ਼ਰ ਆਈ

### * ਮੁੱਖ ਮੰਤਰੀ ਦਫਤਰ ਦੇ ਓਦੋਂ ਦੇ ਅਫਸਰਾਂ ਤੋਂ ਵੀ ਪੁੱਛਗਿੱਛ ਹੋਵੇਗੀ



ਨਵੀਂ ਦਿੱਲੀ, 14 ਅਪ੍ਰੈਲ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਾਜ ਦੌਰਾਨ ਉਸ ਨਾਲ ਮੁੱਖ ਮੰਤਰੀ ਦਫ਼ਤਰ (ਸੀਐੱਮਓ) ਵਿੱਚਰਹਿ ਚੁੱਕੇਅਫਸਰਾਂਕੋਲੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਪੁੱਛਗਿੱਛ ਕਰੇਗਾ।ਇਹ ਗੱਲ ਸਾਬਕਾ ਮੁੱਖ ਮੰਤਰੀ ਦੀ ਪੁੱਛਗਿੱਛ ਤੋਂ ਨਿਕਲੀ ਹੈ।

ਅਸਲ ਵਿੱਚ ਬੀਤੇ ਬੁੱਧਵਾਰ ਈ ਡੀ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਚਰਨਜੀਤ ਸਿੰਘ ਚੰਨੀ ਨੇ ਅਫਸਰਾਂ ਦੇ ਤਬਾਦਲੇ ਤੇ ਪੋਸਟਿੰਗ ਨਾਲ ਜੁੜੇ ਫੈਸਲਿਆਂ ਦੀ ਸਾਰੀ ਜ਼ਿੰਮੇਵਾਰੀ ਉਸ ਵੇਲੇ ਦੇ ਮੁੱਖ ਮੰਤਰੀ ਦਫਤਰ ਦੇ ਵੱਡੇਅਫਸਰਾਂ ਉੱਤੇਸੁੱਟਦਿੱਤੀ।ਈ ਡੀ ਅਧਿਕਾਰੀ ਆਪਣੀ ਜਾਂਚ ਮੁਕੰਮਲ ਕਰਨ ਲਈ ਇਨ੍ਹਾਂ ਅਫਸਰਾਂ ਤੋਂ ਤਬਾਦਲੇ ਅਤੇ ਪੋਸਟਿੰਗਾਂ ਦਾ ਅਸਲ ਕਾਰਨ ਪੁੱਛਣ ਦੇ ਲਈ ਨਵਾਂ ਦੌਰ ਚਲਾਉਣ ਲੱਗੇ ਹਨ। ਇਸ ਬਾਰੇਇਕ ਸੀਨੀਅਰਈਡੀ ਅਫਸਰ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਹੋਣ ਵੇਲੇ ਪੈਸੇ ਲੈ ਕੇ ਵੱਡੇ ਪੱਧਰ ਉੱਤੇ ਤਬਾਦਲਿਆਂ ਤੇ ਪੋਸਟਿੰਗ ਦੇ ਸਬੂਤ ਮਿਲੇ ਹਨ। ਉਨ੍ਹਾਂ ਦੇ ਦੱਸਣ ਅਨੁਸਾਰ ਚੰਨੀ ਦੇ ਭਾਣਜੇ (ਸਾਲੀ ਦੇ ਪੁੱਤਰ) ਭੁਪਿੰਦਰ ਸਿੰਘ ਉਰਫ਼ ਹਨੀ ਦੇ ਟਿਕਾਣਿਆਂ ਉੱਤੇ ਛਾਪੇ ਵਿੱਚ 10 ਕਰੋੜ ਰੁਪਏ ਦੇ ਨਾਲ ਤਬਾਦਲੇ ਤੇ ਪੋਸਟਿੰਗ ਦੇ ਦਸਤਾਵੇਜ਼ ਵੀ ਮਿਲੇ ਸਨ।ਭੁਪਿੰਦਰ ਸਿੰਘ ਹਨੀ ਨੇ ਮੰਨਿਆ ਸੀ ਕਿ ਤਬਾਦਲੇ ਤੇ ਪੋਸਟਿੰਗਜ਼ ਉਸ ਦੇ ਕਹਿਣ ਉੱਤੇਹੁੰਦੀਆਂ ਸਨ।ਬੀਤੇ ਬੁੱਧਵਾਰ ਜਦੋਂ ਚਰਨਜੀਤ ਸਿੰਘ ਚੰਨੀ ਤੋਂ ਉਸ ਦੇ ਰਿਸ਼ਤੇਦਾਰ ਭੁਪਿੰਦਰ ਸਿੰਘ ਹਨੀ ਦੇ ਇਸ ਬਿਆਨ ਤੇ ਤਬਾਦਲੇ ਅਤੇ ਪੋਸਟਿੰਗ ਦੇ ਦਸਤਾਵੇਜ਼ ਬਾਰੇ ਪੁੱਛਗਿੱਛ ਕੀਤੀ ਤਾਂ ਉਹ ਮੁੱਕਰ ਗਿਆ ਤੇ ਕਿਹਾ ਕਿ ਉਨ੍ਹਾਂ ਦਾ ਤਬਾਦਲਿਆਂ-ਪੋਸਟਿੰਗਾਂ ਨਾਲ ਲੈਣਾ-ਦੇਣਾ ਨਹੀਂ ਤੇ ਨਾ ਉਨ੍ਹਾਂ ਨੇ ਇਹ ਹਦਾਇਤਾਂ ਦਿੱਤੀਆਂ ਸਨ।ਇਸ ਪਿੱਛੋਂ ਤਬਾਦਲੇ ਅਤੇ ਪੋਸਟਿੰਗਜ਼ ਦੇ ਹੁਕਮਾਂ ਉੱਤੇ ਦਸਖ਼ਤ ਕਰਨ ਵਾਲੇ ਅਫਸਰਾਂ ਨੂੰ ਦੱਸਣਾ ਹੋਵੇਗਾ ਕਿ ਕਿਸ ਦੇ ਇਸ਼ਾਰੇ ਉੱਤੇਹੁਕਮ ਹੁੰਦੇ ਸਨ ਤੇ ਦਸਤਾਵੇਜ਼ ਹਨੀ ਕੋਲ ਕਿਵੇਂ ਗਏ।

ਈਡੀ ਦੇ ਇੱਕ ਸੀਨੀਅਰ ਅਫਸਰ ਮੁਤਾਬਕ ਸਾਰੇ ਕੇਸ ਵਿੱਚ ਚਰਨਜੀਤ ਸਿੰਘ ਚੰਨੀ ਦੀ ਭੂਮਿਕਾ ਸ਼ੱਕੀ ਹੋਣ ਕਰ ਕੇ ਉਸ ਦੀ ਜਾਂਚ ਚੱਲ ਰਹੀ ਹੈ ਤੇ ਠੋਸ ਸਬੂਤ ਇਕੱਠੇ ਕਰਨ ਪਿੱਛੋਂ ਉਨ੍ਹਾਂ ਉੱਤੇ ਕਾਰਵਾਈ ਕੀਤੀ ਜਾਵੇਗੀ।ਇਸ ਅਫਸਰ ਨੇ ਕਿਹਾ ਕਿ ਚੰਨੀ ਤੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ ਤੇ ਅਗਲੇ ਦਿਨਾਂ ਵਿੱਚ ਉਸ ਦੀ ਗ੍ਰਿਫ਼ਤਾਰੀ ਦੀ ਸੰਭਾਵਨਾਵੀ ਰੱਦ ਨਹੀਂ ਕੀਤੀ ਜਾ ਸਕਦੀ।ਵਰਨਣ ਯੋਗ ਹੈ ਕਿ ਈਡੀ ਇਸ ਤੋਂ ਪਹਿਲਾਂ ਚੋਣਾਂ ਦੌਰਾਨ ਚਰਨਜੀਤ ਸਿੰਘ ਚੰਨੀ ਦੇ ਭਤੀਜੇ ਭੁਪਿੰਦਰ ਸਿੰਘ ਹਨੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਚਲਾਨ ਪੇਸ਼ ਕਰ ਚੁੱਕੀ ਹੈ ਅਤੇ ਇਸ ਵੇਲੇ ਉਹ ਜੇਲ੍ਹਵਿੱਚ ਹੈ। ਹਨੀ ਉੱਤੇ ਟਰਾਂਸਫਰ ਅਤੇ ਪੋਸਟਿੰਗ ਦੇ ਨਾਲ ਰੇਤ ਦੀ ਨਾਜਾਇਜ਼ ਮਾਈਨਿੰਗ ਵਿੱਚਕਮਾਈ ਦਾ ਦੋਸ਼ ਹੈ।

ਦੂਸਰੇ ਪਾਸੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰੇਤ ਮਾਈਨਿੰਗ ਕੇਸ ਵਿਚ ਬੁੱਧਵਾਰ ਰਾਤ ਈ ਡੀ ਅੱਗੇ ਪੇਸ਼ ਹੋਣ ਪਿੱਛੋਂ ਟਵੀਟ ਕਰਕੇ ਕਿਹਾ ਕਿ ਮੈਨੂੰ ਈ ਡੀ ਨੇ ਮਾਈਨਿੰਗ ਕੇਸਦਾ ਸੰਮਨ ਭੇਜਿਆ ਸੀ, ਮੈਂ ਓਥੇ ਗਿਆ ਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਹਨ ਅਤੇ ਮੈਨੂੰ ਉਨ੍ਹਾ ਨੇ ਦੁਬਾਰਾ ਨਹੀਂ ਬੁਲਾਇਆ। ਇਸ ਤੋਂ ਪਹਿਲਾਂ ਚਰਨਜੀਤ ਸਿੰਘ ਚੰਨੀ ਨੇ ਆਪਣੇ ਭਾਣਜੇ ਭੁਪਿੰਦਰ ਸਿੰਘ ਉਰਫ ਹਨੀ ਨੂੰ ਈ ਡੀ ਵੱਲੋਂ ਚੋਣਾਂ ਦੌਰਾਨ ਗ੍ਰਿਫਤਾਰ ਕਰਨ ਉੱਤੇ ਕਿਹਾ ਸੀ ਕਿ ਜੇ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੇ ਕੁਝ ਗਲਤ ਕੀਤਾ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਪਰ ਚੋਣਾਂ ਪਿੱਛੋਂ ਖੁਦ ਚੰਨੀ ਦੀ ਪੁੱਛਗਿੱਛ ਸ਼ੁਰੂ ਹੋ ਗਈ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਾਈਨਿੰਗ ਦੇ ਕੇਸ ਵਿਚ ਚਰਨਜੀਤ ਸਿੰਘ ਚੰਨੀ ਤੋਂ ਛੇ ਘੰਟੇ ਤੋਂ ਵੱਧ ਪੁੱਛਗਿੱਛਬਾਰੇ ਟਵੀਟ ਕਰ ਕੇ ਕਿਹਾ ਹੈ ਕਿ 'ਮੇਰੀ ਲੜਾਈ ਪੰਜਾਬ ਲਈ ਹੈ, ਰੇਤ ਲਈ ਨਹੀਂ, ਜ਼ਮੀਨਾਂ, ਰੇਤ ਤੇ ਸ਼ਰਾਬ ਮਾਫੀਆ ਨੂੰ ਚਲਾਉਣ ਵਾਲਿਆਂ ਨੇ ਆਪਣੇ ਸਵਾਰਥ ਲਈ ਪੰਜਾਬ ਦਾ ਖਜ਼ਾਨਾ ਲੁੱਟ ਲਿਆ ਹੈ।ਇਸ ਵਿੱਤੀ ਸਥਿਤੀ ਵਿੱਚ ਜਾਂ ਪੰਜਾਬ ਹੈ ਜਾਂ ਮਾਫੀਆ। ਲੜਾਈ ਜਾਰੀ ਹੈ।'

# ਅਮਰੀਕਾ ਵਿੱਚ ਫਿਰ ਇੱਕ ਪੁਲਸੀਏ ਨੇ ਗੈਰ-ਗੋਰੇ ਨੂੰ ਗੋਲ਼ੀ ਮਾਰੀ



ਮਿਸ਼ੀਗਨ, 14 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਵਿੱਚ ਟ੍ਰੈਫਿਕ ਪ੍ਰਬੰਧ ਮੌਕੇ ਨਸਲਵਾਦ ਦਾ ਗੱਲ ਸਾਹਮਣੇ ਆਈ ਹੈ। ਮਿਸ਼ੀਗਨ ਦੇ ਇੱਕ ਪੁਲਿਸ ਅਫਸਰ ਨੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਦੇਇੱਕ ਕਾਲੇ ਵਿਅਕਤੀ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਹੈ, ਜਿਸ ਨਾਲ ਫਿਰ ਵਿਵਾਦ ਛਿੜ ਸਕਦਾ ਹੈ।

ਪਤਾ ਲੱਗਾ ਹੈ ਕਿ ਟਰੈਫਿਕ ਰੋਕਣ ਵੇਲੇ ਗੋਰੇ ਪੁਲਿਸ ਮੁਲਾਜ਼ਮ ਨੇ ਉਕਤ ਕਾਲੇ ਵਿਅਕਤੀ ਦਾ ਪਿੱਛਾ ਕੀਤਾ ਤੇ ਇਸ ਕਾਰਨ ਦੋਵਾਂ ਦਾ ਝਗੜਾ ਹੋਣ ਉੱਤੇ ਸਟੇਨ ਗੰਨ ਖੋਹਣ ਵੇਲੇ ਉਸ ਵਿਅਕਤੀ ਦੇ ਸਿਰ ਵਿੱਚ ਗੋਲੀ ਲੱਗ ਗਈ। ਇਸ ਬਾਰੇ ਪੁਲਿਸ ਵੱਲੋਂ ਜਾਰੀ ਕੀਤੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਅਮਰੀਕਾ ਵਿੱਚ'ਬਲੈਕ ਲਾਈਫ ਮੈਟਰ' ਦੇ ਨਾਅਰੇ ਲੱਗੇ ਅਤੇ ਕਈ ਥਾਵਾਂ ਉੱਤੇ ਸੜਕਾਂ ਉੱਤੇ ਵਿਰੋਧ ਪ੍ਰਦਰਸ਼ਨ ਹੋਏ ਹਨ।

ਮਿਲੀ ਜਾਣਕਾਰੀ ਅਨੁਸਾਰ ਮਾਰੇ ਗਏ ਕਾਲੇ ਨੌਜਵਾਨ ਪੈਟਰਿਕ ਲਾਓਆ (26 ਸਾਲ) ਦੀ 4 ਅਪ੍ਰੈਲ ਸਵੇਰ ਨੂੰ ਮਿਸ਼ੀਗਨ ਦੇ ਗ੍ਰੈਂਡ ਰੈਪਿਡਸ ਵਿੱਚਇਕ ਘਰ ਅੱਗੇ ਹੱਤਿਆ ਕੀਤੀ ਗਈ। ਵ੍ਹਾਈਟ ਪੁਲਿਸ ਅਫਸਰ ਐਰਿਕ ਵਿਨਸਟ੍ਰੋਮ, ਜਿਹੜੇਬੀਤੇ ਮਾਰਚ ਵਿੱਚ ਹਾਈ ਰੈਂਕ ਸ਼ਿਕਾਗੋ ਪੁਲਿਸ ਕਮਾਂਡਰ ਦੇ ਗ੍ਰੈਂਡ ਰੈਪਿਡਜ਼ ਚੀਫ਼ ਬਣੇ ਸਨ, ਨੇ ਲਾਓਯਾ ਦੀ ਕਾਰ ਰੋਕੀਅਤੇ ਜਦੋਂ ਉਸਨੇ ਪੁਲਸ ਦੀ ਟੇਜ਼ਰ (ਇਲੈਕਟ੍ਰਿਕ ਸ਼ੌਕ ਦੇਣ ਵਾਲੀ) ਗੰਨ ਖੋਹਣ ਲਈ ਕੋਸ਼ਿਸ਼ ਕੀਤੀ ਤਾਂ ਉਸਨੂੰ ਕਾਰ ਤੋਂ ਉੱਤਰਨ ਨੂੰ ਕਿਹਾ, ਪਰ ਲਾਓਆ ਨੇ ਅਜਿਹਾ ਨਹੀਂ ਕੀਤਾ ਅਤੇ ਦੋਹਾਂ ਦੀ ਲੜਾਈ ਹੋ ਗਈ। ਬਰਸਾਤ ਦੇ ਮੌਸਮ ਦੌਰਾਨ ਪੁਲਿਸ ਅਫਸਰ ਨੇ ਦੋ ਵਾਰ ਟੇਸਰ (ਸਟੈਨ ਗੰਨ) ਚਲਾਈ। ਮਿਸ਼ੀਗਨ ਦੀ ਪੁਲਿਸ ਨੇ ਦੋਸ਼ੀ ਪੁਲਿਸ ਅਧਿਕਾਰੀ ਦੀ ਵਰਦੀ ਉੱਤੇ ਲੱਗੇ ਕੈਮਰੇਤੋਂ ਸ਼ੂਟ ਹੋਈ ਵੀਡੀਓ ਜਾਰੀ ਕਰ ਕੇ ਕਿਹਾ ਕਿ ਪੁਲਿਸ ਇਸਕੇਸ ਦੀ ਸਾਰੀ ਜਾਂਚ ਕਰ ਰਹੀ ਹੈ। ਕੈਂਟ ਕਾਊਂਟੀ ਦੇ ਚੀਫ ਮੈਡੀਕਲ ਅਫਸਰ ਡਾ. ਸਟੀਫਨ ਨੇ ਕਿਹਾ ਕਿ ਪੋਸਟਮਾਰਟਮ ਹੋ ਗਿਆ ਹੈ, ਪਰ ਟੌਕਸੀਕੋਲੋਜੀ ਟੈਸਟ ਅਜੇ ਨਹੀਂ ਹੋਏ।ਪਤਾ ਲੱਗਾ ਹੈ ਕਿ ਮਾਰਿਆ ਗਿਆ ਨੌਜਵਾਨ ਕਾਂਗੋ ਗਣਰਾਜ ਦਾ ਸ਼ਰਨਾਰਥੀ ਹੈ ਅਤੇ ਉਸ ਦੇ ਪਰਿਵਾਰ ਵਿੱਚ ਕਈ ਭੈਣ-ਭਰਾ ਅਤੇ ਦੋ ਧੀਆਂ ਹਨ।

# ਸਾਹ ਦੇ ਸੈਂਪਲ ਨਾਲ ਕਰੋਨਾਵਾਇਰਸ ਦਾ ਪਤਾ ਲਾਉਣ ਵਾਲੇ ਟੈਸਟ ਨੂੰ ਮਿਲੀ ਮਨਜ਼ੂਰੀ



ਵਾਸ਼ਿੰਗਟਨ, 14 ਅਪਰੈਲ (ਪੋਸਟ ਬਿਊਰੋ) : ਸਾਹ ਦੇ ਸੈਂਪਲ ਨਾਲ ਕਰੋਨਾਵਾਇਰਸ ਦਾ ਪਤਾ ਲਾਉਣ ਵਾਲੇ ਵਿਲੱਖਣ ਟੈਸਟ ਨੂੰ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫਡੀਏ) ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ।

ਐਫਡੀਏ ਅਨੁਸਾਰ ਨਤੀਜੇ ਹਾਸਲ ਕਰਨ ਲਈ ਇਸ ਟੈਸਟ ਵਿੱਚ ਤਿੰਨ ਮਿੰਟ ਤੋਂ ਵੀ ਘੱਟ ਦਾ ਸਮਾਂ ਲੱਗਦਾ ਹੈ। ਇਹ ਟੈਸਟ ਹੈਲਥ ਕੇਅਰ ਡਾਕਟਰ, ਜਿਹੜਾ ਟੈਸਟ ਲਿਖਣ ਲਈ ਲਾਇਸੰਸਸ਼ੁਦਾ ਹੋਵੇ,ਦੀ ਨਿਗਰਾਨੀ ਹੇਠ ਕੋਈ ਵੀ ਸਰਟੀਫਾਈਡ, ਤਜਰਬੇਕਾਰ ਆਪਰੇਟਰ ਕਰ ਸਕਦਾ ਹੈ। ਇਹ ਟੈਸਟ ਉਨ੍ਹਾਂ ਡਾਕਟਰਾਂ ਦੇ ਆਫਿਸ, ਹਸਪਤਾਲਾਂ ਤੇ ਮੋਬਾਈਲ ਟੈਸਟਿੰਗ ਸਾਈਟਸ ਉੱਤੇ ਕੀਤੇ ਜਾ ਸਕਦੇ ਹਨ ਜਿੱਥੇ ਮਰੀਜ਼ ਦੇ ਸੈਂਪਲ ਕੁਲੈਕਟ ਕੀਤੇ ਜਾ ਸਕਣ ਤੇ ਜਿੱਥੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕੇ।

ਇਹ ਇੰਸਪੈਕਟ ਆਈਆਰ ਕੋਵਿਡ-19 ਬ੍ਰੀਥੇਲਾਈਜ਼ਰ ਕੈਰੀ ਆਨ ਬੈਗ ਦੇ ਆਕਾਰ ਜਿੱਡਾ ਹੈ ਤੇ ਇਸ ਦੀ ਵਰਤੋਂ 2,409 ਲੋਕਾਂ ਉੱਤੇ ਕਰਕੇ ਇਸ ਅਧਿਐਨ ਨੂੰ ਅੰਜਾਮ ਦਿੱਤਾ ਗਿਆ। ਜਿਨ੍ਹਾਂ ਲੋਕਾਂ ਉੱਤੇ ਇਸ ਦੀ ਵਰਤੋਂ ਕੀਤੀ ਗਈ ਉਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਕੋਵਿਡ-19 ਵਾਲੇ ਲੱਛਣ ਸਨ ਤੇ ਉਹ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਇਹ ਲੱਛਣ ਨਹੀਂ ਸਨ।

## ਪਾਕਿਸਤਾਨ ਤੋਂ ਡਰੋਨ ਰਾਹੀਂ ਹੈਰੋਇਨ ਮੰਗਵਾਉਣ ਵਾਲਾ ਕਾਬੂ

ਤਰਨਤਾਰਨ, 14 ਅਪ੍ਰੈਲ (ਪੋਸਟ ਬਿਊਰੋ)- ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਮੌਜੂਦ ਤਸਕਰਾਂ ਨਾਲ ਸਬੰਧ ਰੱਖਦੇ ਹੋਏ ਡਰੋਨ ਦੀ ਮੱਦਦ ਨਾਲ ਹੈਰੋਇਨ ਤੇ ਹੋਰ ਸਾਮਾਨ ਮੰਗਵਾਉਣ ਵਾਲੇ ਦੋਸ਼ੀ ਨੂੰ ਜ਼ਿਲ੍ਹਾ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ ਅਤੇ ਇਸ ਦੇ ਬਾਅਦ ਉਸ ਦੇ ਦੂਜੇ ਫ਼ਰਾਰ ਸਾਥੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਸਰਾਏ ਅਮਾਨਤ ਖਾਂ ਹੇਠਲੀ ਭਾਰਤ-ਪਾਕਿ ਸਰਹੱਦ ਦੀ ਡਿਫੈਂਸ ਲਾਈਨ ਵਿਖੇ ਬੀਤੀ 9 ਮਾਰਚ ਸ਼ਾਮ ਕਰੀਬ 8 ਵਜੇ ਇੱਕ ਡਰੋਨ ਬੀ ਐਸ ਐਫ਼ ਦੀ 71 ਬਟਾਲੀਅਨ ਵੱਲੋਂ ਪਿੰਡ ਹਵੇਲੀਆਂ ਦੇ ਖੇਤ ਤੋਂ ਮਿਲਿਆ। ਬੀ ਐਸ ਐਫ਼ ਨੇ ਇਸ ਡਰੋਨ ਨੂੰ ਜਾਂਚ ਲਈ ਭੇਜ ਦਿੱਤਾ। ਪੁਲਸ ਨੇ ਇਸ ਕੇਸ ਵਿੱਚ ਤਸਕਰ ਸੁਰਜਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਸੁਰਜਨ ਸਿੰਘ ਦਾ ਇੱਕ ਸਾਥੀ ਜ਼ਿਲ੍ਹਾ ਤਰਨ-ਤਾਰਨ ਨਾਲ ਸਬੰਧਤ ਹੈ ਅਤੇ ਡਰੋਨ ਦੀ ਮਦਦ ਨਾਲ ਪਿਛਲੇ ਕਰੀਬ ਪੰਜ ਮਹੀਨਿਆਂ ਦੌਰਾਨ ਕਈ ਵਾਰ ਹੈਰੋਇਨ ਸਮੇਤ ਹੋਰ ਪਦਾਰਥਾਂ ਦੀ ਖੇਪ ਮੰਗਵਾ ਚੁੱਕੇ ਹਨ।

# ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਹੋ ਸਕਦਾ ਹੈ ਰਿਕਾਰਡ ਵਾਧਾ



ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) :ਅਗਲੇ ਦੋ ਦਿਨਾਂ ਵਿੱਚ ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ 11 ਸੈਂਟ ਪ੍ਰਤੀ ਲੀਟਰ ਤੱਕ ਉੱਪਰ ਜਾ ਸਕਦੀਆਂ ਹਨ।

ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਨੇ ਆਖਿਆ ਕਿ ਵੀਰਵਾਰ ਨੂੰ ਗੈਸ ਦੀਆਂ ਕੀਮਤਾਂ 1.68 ਪ੍ਰਤੀ ਲੀਟਰ ਤੱਕ ਵੱਧ ਸਕਦੀਆਂ ਹਨ ਤੇ ਫਿਰ ਸ਼ੁੱਕਰਵਾਰ ਨੂੰ ਇਨ੍ਹਾਂ ਵਿੱਚ ਪੰਜ ਸੈਂਟ ਦਾ ਹੋਰ ਵਾਧਾ ਹੋ ਸਕਦਾ ਹੈ ਤੇ ਇਹ 1.73 ਪ੍ਰਤੀ ਲੀਟਰ ਤੱਕ ਪਹੁੰਚ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਜਿਹੜੇ ਲੋਕਾਂ ਨੂੰ ਓਨਟਾਰੀਓ ਵਿੱਚ ਗੈਸ ਚਾਹੀਦੀ ਹੈ ਉਨ੍ਹਾਂ ਨੂੰ ਹੁਣੇ ਹੀ ਗੈਸ ਭਰਵਾ ਲੈਣੀ ਚਾਹੀਦੀ ਹੈ ਕਿਉਂਕਿ ਨੇੜ ਭਵਿੱਖ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਕੋਈ ਕਮੀ ਨਹੀਂ ਆਉਣ ਵਾਲੀ। ਉਨ੍ਹਾਂ ਆਖਿਆ ਕਿ ਇਨ੍ਹਾਂ ਕੀਮਤਾਂ ਵਿੱਚ ਸਗੋਂ ਹੋਰ ਵਾਧਾ ਹੋ ਸਕਦਾ ਹੈ।

ਉਨ੍ਹਾਂ ਆਖਿਆ ਕਿ ਗਰਮੀਆਂ ਦੇ ਮੌਸਮ ਕਾਰਨ ਵੀ ਇਨ੍ਹਾਂ ਕੀਮਤਾਂ ਵਿੱਚ ਕੋਈ ਗਿਰਾਵਟ ਆਉਣ ਦੀ ਸੰਭਾਵਨਾ ਘੱਟ ਹੀ ਹੈ। ਮਾਰਚ ਵਿੱਚ ਗੈਸ ਦੀਆਂ ਕੀਮਤਾਂ ਓਨਟਾਰੀਓ ਵਿੱਚ 1.90 ਡਾਲਰ ਪ੍ਰਤੀ ਲੀਟਰ ਦੇ ਹਿਸਾਬ ਨਾਲ ਰਿਕਾਰਡ ਤੋੜ ਵਧੀਆਂ ਸਨ ਤੇ ਅਜਿਹਾ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਹਮਲੇ ਕਾਰਨ ਹੋਇਆ ਸੀ।

# ਪਰਵਾਰ ਬੇਟੀ ਦੇ ਇਲਾਜ ਲਈ ਹਿਮੇਸ਼ ਰੇਸ਼ਮੀਆ ਦੀ ਘੜੀ ਨੀਲਾਮ ਕਰੇਗਾ

ਫਰੀਦਕੋਟ, 14 ਅਪ੍ਰੈਲ (ਪੋਸਟ ਬਿਊਰੋ)- ਇਸ ਨੂੰ ਇੱਕ ਪਿਤਾ ਦੀ ਬੇਵਸੀ ਕਹਿ ਲਓ ਜਾਂ ਕੁਝ ਵੀ, ਸਾਲ 2017 ਵਿੱਚ ਕਰਵਾਏ ਗਏ ਸਾ ਰੇ ਗਾ ਮਾ ਪਾ ਲਿਟਲ ਚੈਂਪ ਵਿੱਚ ਪ੍ਰਸਿੱਧ ਗਾਇਕ ਹਿਮੇਸ਼ ਰੇਸ਼ਮੀਆ ਨੇ ਜੋ ਘੜੀ ਕਦੇ ਮਾਸੂਮ ਨੂੰ ਉਸ ਦੇ ਗਾਉਣ ਉੱਤੇ ਖੁਸ਼ ਹੋ ਕੇ ਦਿੱਤੀ ਸੀ, ਉਹੀ ਘੜੀ ਉਸ ਦਾ ਪਿਤਾ ਨੀਲਾਮ ਕਰ ਕੇ ਲੀਵਰ ਇਨਫੈਕਸ਼ਨ ਤੋਂ ਪੀੜਤ ਧੀ ਬੇਟੀ ਦੀ ਜਾਨ ਬਚਾਉਣ ਲਈ ਮਜਬੂਰ ਹੋ ਗਿਆ ਹੈ। ਇਸ ਜ਼ਿਲ੍ਹੇ ਦੇ ਪਿੰਡ ਬਿਸ਼ਨੰਦੀ ਦੀ ਨਵਪ੍ਰੀਤ ਕੌਰ ਦੇ ਪਿਤਾ ਗੁਰਦੀਪ ਸਿੰਘ ਨੇ ਦੱਸਿਆ ਕਿ ਸਾਲ 2017 ਵਿੱਚ ਉਸ ਦੀ ਬੇਟੀ ਨੇ ਮਸਾਂ 10 ਸਾਲ ਦੀ ਉਮਰ ਵਿੱਚ ਸਾ ਰੇ ਗਾ ਮਾ ਪਾ ਪ੍ਰਤਿਭਾ ਵਿੱਚ ਭਾਗ ਲਿਆ ਸੀ। ਉਸ ਪ੍ਰੋਗਰਾਮ ਦੇ ਜੱਜ ਹਿਮੇਸ਼ ਰੇਸ਼ਮੀਆ ਨੇ ਨਵਪ੍ਰੀਤ ਕੌਰ ਦੀ ਗਾਇਕੀ ਦੀ ਸ਼ਲਾਘਾ ਕੀਤੀ ਅਤੇ ਉਸ ਨੂੰ ਗਾਇਕੀ ਵਿੱਚ ਲਾਂਚ ਕਰਨ ਦਾ ਵਾਅਦਾ ਕਰ ਕੇ ਪੇਸ਼ਗੀ ਵਜੋਂ ਆਪਣੇ ਹੱਥ ਤੋਂ ਕੀਮਤੀ ਘੜੀ ਉਤਾਰ ਕੇ ਉਸ ਨੂੰ ਸੌਂਪੀ ਸੀ। ਉਸ ਦੇ ਬਾਅਦ ਹਿਮੇਸ਼ ਨੇ ਕਦੇ ਉਨ੍ਹਾਂ ਦੀ ਬੱਚੀ ਦੀ ਸਾਰ ਨਹੀਂ ਲਈ ਤੇ ਨਾ ਆਪਣਾ ਵਾਅਦਾ ਨਿਭਾਇਆ। ਉਨ੍ਹਾਂ ਦੀ ਘੜੀ ਅੱਜ ਵੀ ਉਨ੍ਹਾਂ ਦੇ ਕੋਲ ਉਵੇਂ ਹੀ ਪਈ ਹੈ।ਉਨ੍ਹਾਂ ਨੇ ਕਿਹਾ ਕਿ ਨਵਪ੍ਰੀਤ ਕੌਰ ਪਿਛਲੇ ਕੁਝ ਦਿਨਾਂ ਤੋਂ ਲੀਵਰ ਇਨਫੈਕਸ਼ਨ ਨਾਲ ਜੂਝ ਰਹੀ ਹੈ। ਉਸ ਦਾ ਬਠਿੰਡਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਹੋ ਰਿਹਾ ਹੈ। ਪਰਵਾਰ ਕੋਲ ਜਿੰਨੀ ਜਮਾਂਪੂੰਜੀ ਸੀ, ਸਭ ਉਸ ਦੇ ਇਲਾਜ ਉੱਤੇ ਖਰਚ ਕਰ ਚੁੱਕੇ ਹਨ, ਪਰ ਅਜੇ ਵੀ ਇਲਾਜ ਲਈ ਪੈਸੇ ਦੀ ਲੋੜ ਹੈ। ਅਜਿਹੇ ਵਿੱਚ ਉਨ੍ਹਾਂ ਨੇ ਹਿਮੇਸ਼ ਰੇਸ਼ਮੀਆ ਤੋਂ ਮਿਲੀ ਘੜੀ ਨੂੰ ਨੀਲਾਮ ਕਰਨ ਦਾ ਫੈਸਲਾ ਕੀਤਾ ਹੈ ਤਾਂ ਕਿ ਨਵਪ੍ਰੀਤ ਕੌਰ ਦਾ ਇਲਾਜ ਹੋ ਸਕੇ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਸਿੱਖ ਵਿਰਾਸਤ ਦੇ ਸੰਭਾਲਣ ਅਤੇ ਵਿਗਸਣ ਦੀ ਗੱਲ

'ਮੰਮੀ, ਸਰਬੱਤ ਦਾ ਮਾਅਨਾ ਕੀ ਹੁੰਦਾ ਹੈ ਅਤੇ ਖਾਲਸਾ ਦੇ ਜਨਮ ਦਿਨ ਤੋਂ ਕੀ ਭਾਵ ਹੈ'? ਇਹ ਸ਼ਬਦ ਕੱਲ ਵਿਸਾਖੀ ਵਾਲੇ ਦਿਨ ਸਕੂਲ ਤੋਂ ਪਰਤੇ 7 ਕੁ ਸਾਲਾਂ ਦੇ ਸਿੱਖ ਬੱਚੇ ਦੇ ਹਨ ਜਿਸਨੂੰ ਪਤਾ ਨਹੀਂ ਸੀ ਅੱਜ ਵੈਸਾਖੀ ਹੈ ਜਾਂ ਵੈਸਾਖੀ ਦਾ ਅਰਥ ਕੀ ਹੁੰਦਾ ਹੈ। ਸਕੂਲ ਵਿੱਚ ਵੈਸਾਖੀ ਬਾਬਤ ਕੀਤੇ ਸਮਾਗਮ ਨੇ ਬੱਚੇ ਦੇ ਦਿਲ ਵਿੱਚ ਉਤਸੁਕਤਾ ਪੈਦਾ ਕੀਤੀ। ਇਹ ਬੱਚਾ ਆਪਣੀ 28-29 ਸਾਲਾ ਮਾਂ ਨੂੰ ਆਖਦਾ ਹੈ ਕਿ ਮੈਂ ਵੱਡਾ ਹੋ ਕੇ ਆਪਣੇ ਬੱਚੇ ਪੰਜਾਬੀ ਸਕੂਲ ਵੱਚ ਪਾਵਾਂਗਾ। ਮਾਂ ਹੈਰਾਨ ਸੀ ਕਿ ਉਸਦੇ ਪੁੱਤਰ ਨੂੰ ਖੁਦ ਪੰਜਾਬੀ ਨਹੀਂ ਆਉਂਦੀ ਪਰ ਇਹ ਇਹ ਧਰਮ ਅਤੇ ਪੰਜਾਬੀ ਬਾਰੇ ਗੱਲ ਬਾਹਰੋਂ ਸਿੱਖ ਕੇ ਘਰ ਆ ਕੇ ਕਰ ਰਿਹਾ ਹੈ। ਮਾਪਿਆਂ ਵਿੱਚ ਆਪਣੇ ਅਕੀਤੇ, ਆਪਣੇ ਸੱਭਿਆਚਾਰ ਬਾਰੇ ਆਪਣੇ ਹੀ ਬੱਚਿਆਂ ਸਨਮੁਖ ਹੈਰਾਨੀ ਦਾ ਪੈਦਾ ਹੋਣਾ ਖਤਰਨਾਕ ਹੋ ਸਕਦਾ ਹੈ।

ਅਪਰੈਲ ਮਹੀਨੇ ਨੂੰ ਕੈਨੇਡਾ ਭਰ ਵਿੱਚ 'ਸਿੱਖ ਵਿਰਾਸਤ ਮਹੀਨੇ' ਵਜੋਂ ਮਨਾਇਆ ਜਾਂਦਾ ਹੈ। ਬੇਸ਼ੱਕ ਕੈਨੇਡੀਅਨ ਸਿੱਖ ਜਗਤ ਵਿੱਚ ਵੈਸਾਖੀ ਨੂੰ ਲੈ ਕੇ ਬੇਹੱਦ ਉਤਸ਼ਾਹ ਪਾਇਆ ਜਾਂਦਾ ਹੈ ਪਰ ਕਾਫੀ ਗਿਣਤੀ ਵਿੱਚ ਅਜਿਹੇ ਸਿੱਖ ਪੰਜਾਬੀ ਪਰਿਵਾਰ ਵੀ ਹਨ ਜਿਹਨਾਂ ਵਿੱਚ ਇਸ ਪਵਿੱਤਰ ਮਹੀਨੇ ਅਤੇ ਵੈਸਾਖੀ ਸ਼ੁਭ ਦਿਹਾੜੇ ਬਾਰੇ ਆਪਣੇ ਹੀ ਪਰਿਵਾਰਾਂ ਵਿੱਚ ਬਹੁਤੀ ਗੱਲ ਨਹੀਂ ਕੀਤੀ ਜਾਂਦੀ। ਨਤੀਜੇ ਵਜੋਂ ਜੋ ਗੱਲ ਘਰ ਖਿੜੇ ਫੁੱਲਾਂ ਦੀ ਸੁਗੰਧ ਵਾਗੂੰ ਆਸੇ ਪਾਸੇ ਪੱਸਰਨੀ ਚਾਹੀਦੀ ਹੈ, ਉਸਦਾ ਆਧਾਰ ਬਹੁਤ ਹੱਦ ਤੱਕ ਕਮਜ਼ੋਰ ਰਹਿ ਜਾਂਦਾ ਹੈ। ਅਜਿਹੇ ਹਾਲਾਤਾਂ ਦੇ ਚੱਲਦੇ ਸਮਾਜਿਕ ਪੱਧਰ ਉੱਤੇ ਸਿੱਖ ਪਹਿਚਾਣ, ਸਿੱਖ ਅਧਿਆਤਮਾਵ ਦੇ ਮਰਮ ਅਤੇ ਸਿੱਖ ਪਰੰਪਰਾਵਾਂ ਦੇ ਲਾਸਾਨੀ ਜਜ਼ਬੇ ਬਾਰੇ ਚੇਤਨਾ ਫੈਲਾਉਣ ਦੇ ਯਤਨ ਪੇਤਲੇ ਰਹਿ ਜਾਂਦੇ ਹਨ।

ਜੇ ਗੱਲ ਨੂੰ ਪਰਿਵਾਰਕ ਪੱਧਰ ਤੋਂ ਥੋੜਾ ਉੱਤੇ ਜਾ ਕੇ ਸਿੱਖ ਸੰਸਥਾਵਾਂ ਜਾਂ ਉਹਨਾਂ ਅਦਾਰਿਆਂ ਦੀ ਕੀਤੀ ਜਾਵੇ ਜਿਹਨਾਂ ਕੋਲ ਚੇਤਨਾ ਫੈਲਾਉਣ ਦੇ ਮਾਲੀ ਸਾਧਨ ਹੋ ਸਕਦੇ ਹਨ, ਤਾਂ ਬੇਸ਼ੱਕ ਕਾਫੀ ਕੰਮ ਹੋ ਰਿਹਾ ਜਾਪਦਾ ਹੈ ਪਰ ਹੋਰ ਬਹੁਤ ਕੁੱਝ ਕੀਤੇ ਜਾਣ ਦੀ ਲੋੜ ਹੈ। ਸਿਆਸਤ ਦੇ ਪਿੜ ਵਿੱਚ ਤਾਂ ਕੈਨੇਡੀਅਨ ਸਿੱਖ ਕਾਫੀ ਮਹਰਲੇ ਮਾਰ ਚੁੱਕੇ ਹਨ ਪਰ ਧਰਮ ਦੀਆਂ ਅਸਲ ਵਿਧਾਵਾਂ ਵੱਲ ਉੱਨਾ ਧਿਆਨ ਨਹੀਂ ਗਿਆ। ਸਿੱਟੇ ਵਜੋਂ ਕੈਨੇਡੀਅਨ ਕੌਮੀ ਖੇਤਰ ਵਿੱਚ ਕੰਮ ਕਰਨ ਵਾਲੇ ਕਾਰਕਾਂ ਵਿੱਚ ਸੰਵੇਦਨਸ਼ੀਲਤਾ ਦੀ ਘਾਟ ਪਾਈ ਜਾਂਦੀ ਹੈ। ਮਿਸਾਲ ਵਜੋਂ ਇਸ ਹਫ਼ਤੇ ਬਰੈਂਪਟਨ, ਮਿਸੀਸਾਗਾ ਅਤੇ ਕੈਲੀਡਾਨ ਏਰੀਆ ਦੇ ਨਵੇਂ ਇੰਮੀਗਰਾਂਟਾਂ ਨੂੰ ਕੈਨੇਡੀਅਨ ਸਿਟੀਜ਼ਨਸ਼ਿੱਪ ਦੀ ਸਹੁੰ ਚੁਕਾਉਣ ਦਾ ਸਮਾਗਮ ਆਯੋਜਿਤ ਹੋ ਕੇ ਹਟਿਆ ਹੈ। ਇਸ ਸਮਾਗਮ ਦੌਰਾਨ ਸਿਟੀਜਨਸ਼ਿੱਪ ਜੱਜ ਨੇ ਇੱਕ ਵਿਸ਼ੇਸ਼ ਧਰਮ ਦੇ ਇਸ ਮਹੀਨੇ ਚੱਲ ਰਹੇ ਸਮਾਗਮਾਂ ਦਾ ਜ਼ਿਕਰ ਕਰਦੇ ਹੋਏ ਦੋ ਵਾਰ ਮੁਬਾਰਕਵਾਦ ਪੇਸ਼ ਕੀਤੀ। ਸਿਟੀਜ਼ਨਸ਼ਿੱਪ ਜੱਜ ਦਾ ਅਜਿਹਾ ਕਰਨਾ ਕੈਨੇਡੀਅਨ ਸਿਟੀਜ਼ਨਸ਼ਿੱਪ ਨੂੰ ਮਜ਼ਬੂਤ ਕਰਨ ਦਾ ਇੱਕ ਬਾਖੂਬ ਮਿਸਾਲ ਹੈ ਪਰ ਹੈਰਾਨੀ ਅਤੇ ਦੁੱਖ ਦੀ ਗੱਲ ਸੀ ਕਿ ਖਾਲਸੇ ਦੀ ਸਾਜਨਾ ਅਤੇ ਸਿੱਖ ਵਿਰਾਸਤੀ ਮਹੀਨੇ ਦਾ ਜ਼ਿਕਰ ਕਰਨਾ ਉਸਦੀ ਲਿਸਟ ਦੇ ਨੇੜੇ ਤੇੜੇ ਵੀ ਨਹੀਂ ਸੀ। ਸਿੱਖਾਂ ਲਈ ਇਹ ਚੁਣੌਤੀ ਹੈ ਕਿ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਹੋਰਾਂ ਧਰਮਾਂ ਦੇ ਨਾਲ ਨਾਲ ਸਿੱਖ ਧਰਮ ਵੀ ਬਰਾਬਰ ਗੱਲ ਹੋਵੇ। ਅੱਜ ਦੇ ਬੀਜੇ ਬੀਜ ਹੀ ਤਾਂ ਕੱਲ ਨੂੰ ਛਾਂਦਾਰ ਬਿਰਖ ਬਣਨਗੇ।

ਅਪਰੈਲ ਮਹੀਨੇ ਦੌਰਾਨ ਕਈ ਸਥਾਨਕ ਅਤੇ ਕੌਮੀ ਪੱਧਰ ਉੱਤੇ ਉੱਦਮ ਕੀਤੇ ਜਾਂਦੇ ਹਨ ਜਿਵੇਂ ਕਿ ਪੀਲ ਆਰਟਸ ਗੈਲਰੀ, ਮਿਊਜ਼ੀਅਮ ਅਤੇ ਆਰਕਾਈਵਜ਼ (PAMA) ਦੇ ਸਹਿਯੋਗ ਨਾਲ ਸਿੱਖ ਹੈਰੀਟੇਜ ਮੰਥ ਸੰਸਥਾ ਵੱਲੋਂ ਮਹੀਨਾ ਭਰ ਵੱਖੋ ਵੱਖਰੀਆਂ ਗਤੀਵਿਧੀਆਂ ਦਾ ਆਯੋਜਨ ਕਰਨਾ। ਇਵੇਂ ਹੀ ਓਟਾਵਾ, ਹੈਮਿਲਟਨ, ਮੈਨੀਟੋਬਾ, ਬੀ.ਸੀ. ਵਿੱਚ ਵੀ ਦਿਲਚਸਪ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਇਹ ਸਾਰੇ ਉੱਦਮ ਸ਼ਲਾਘਾਯੋਗ ਹਨ ਪਰ ਬਹੁਤੀਆਂ ਥਾਵਾਂ ਉੱਤੇ ਗੱਲ ਮਹਿਜ਼ ਝੰਡਾ ਲਹਿਰਾਉਣ ਅਤੇ ਮਹਿਮਾਨਾਂ ਨਾਲ ਫੋਟੋਆਂ ਖਿਚਵਾਉਣ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ।

ਸਿੱਖ ਚਿੰਤਨ ਅਤੇ ਫਲਸਫੇ ਬਾਰੇ ਚਰਚਾ ਅਤੇ ਚਿੰਤਨ ਆਪਣੇ ਮਨ, ਗ੍ਰਹਿ ਅਤੇ ਪਰਿਵਾਰਕ ਗਲਿਆਰਿਆਂ ਵਿੱਚ ਕਰਨ ਦੇ ਨਾਲ ਨਾਲ ਜਨਤਕ ਸਪੇਸ ਵਿੱਚ ਚੇਤਨਾ ਫੈਲਾਉਣ ਦੇ ਉੱਦਮ ਵੀ ਕਰਨੇ ਬਣਦੇ ਹਨ। ਜੇ ਕੌਮੀ ਸੰਸਥਾਵਾਂ ਅਜਿਹਾ ਕਰਨ ਤੋਂ ਖੁੰਝ ਰਹੀਆਂ ਹਨ ਤਾਂ ਉਹਨਾਂ ਬਾਰੇ ਸੁਚੇਤ ਹੋਣ ਦੀ ਵੀ ਲੋੜ ਹੈ। ਇੰਗਲੈਂਡ ਵਿੱਚ ਬੀ.ਬੀ.ਸੀ. ਵੱਲੋਂ ਵੈਸਾਖੀ ਬਾਰੇ ਵਿਸ਼ੇਸ਼ ਆਰਟੀਕਲ ਰਾਹੀਂ ਖਾਸਲੇ ਦੀ ਸਾਜਣਾ ਬਾਰੇ ਜਾਣਕਾਰੀ ਦਿੱਤੀ ਗਈ ਮਿਲਦੀ ਹੈ। ਇਸਦੇ ਉਲਟ ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਨੇ ਵੀ ਕੁੱਝ ਆਰਟੀਕਲ ਜਰੂਰ ਛਾਪੇ ਹਨ ਪਰ ਇਹਨਾਂ ਵਿੱਚ ਉਂਟੇਰੀਓ ਦੇ ਸਿੱਖ ਭਾਈਚਾਰੇ ਬਾਰੇ ਜ਼ਿਕਰ ਬਿਲਕੁਲ ਗਾਇਬ ਹੈ। ਬੀ.ਸੀ. ਦੇ ਸੰਦਰਭ ਵਿੱਚ ਜੋ ਆਰਟੀਕਲ ਹਨ, ਉਹ ਸਿੱਖ ਪਹਿਚਾਣ ਨਾਲੋਂ ਖਾਣੇ ਅਤੇ ਕਪੱੜਿਆਂ ਉੱਤੇ ਵਧੇਰੇ ਕੇਂਦਰਿਤ ਹਨ। ਗੱਲ ਸੀ.ਬੀ.ਸੀ. ਨੂੰ ਨਿਸ਼ਾਨਾ ਬਣਾਉਣਾ ਨਹੀਂ ਸਗੋਂ ਜਨਤਕ ਸਪੇਸ ਵਿੱਚ ਸਿੱਖ ਆਵਾਜ਼ ਨੂੰ ਸਹੀ ਸਪੇਸ ਮਿਲਣ ਵਿੱਚ ਹੋ ਰਹੀ ਢਿੱਲ ਮੱਠ ਬਾਰੇ ਹੈ।

## ਲੋਕਲ ਹਸਪਤਾਲਾਂ ਦੀ ਮਦਦ ਲਈ ਓਸਲਰ ਫਾਊਂਡੇਸ਼ਨ ਨੇ ਹੋਲੀ ਗਾਲਾ ਤੋਂ ਇੱਕਠੇ ਕੀਤੇ 847,000 ਡਾਲਰ ਦੇ ਫੰਡ



ਬਰੈਂਪਟਨ, 14 ਅਪਰੈਲ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਦਾ ਨੌਵਾਂ ਸਾਲਾਨਾ ਹੋਲੀ ਗਾਲਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਹੋਲੀ ਦੇ ਇਨ੍ਹਾਂ ਜਸ਼ਨਾਂ ਵਿੱਚ 600 ਦੇ ਨੇੜੇ ਤੇੜੇ ਲੋਕਾਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ 847,000 ਡਾਲਰ ਇੱਕਠੇ ਹੋਏ, ਜਿਨ੍ਹਾਂ ਦੀ ਵਰਤੋਂ ਕਰਕੇ ਓਸਲਰ ਦੇ ਬਰੈਂਪਟਨ ਸਿਵਿਕ ਹਸਪਤਾਲ, ਇਟੋਬੀਕੋ ਦੇ ਜਨਰਲ ਹਸਪਤਾਲ ਤੇ ਇੰਟੇਗ੍ਰੇਟਿਡ ਹੈਲਥ ਤੇ ਵੈੱਲਨੈੱਸ ਲਈ ਪੀਲ ਮੈਮੋਰੀਅਲ ਹਸਪਤਾਲ ਲਈ ਜ਼ਰੂਰੀ ਸਰਜੀਕਲ ਤੇ ਹੋਰ ਇਕਿਊਪਮੈਂਟ ਖਰੀਦੇ ਜਾਣਗੇ। ਇਸ ਦੌਰਾਨ ਫੰਡ ਅ ਨੀਡ ਡੋਨੇਸ਼ਨ ਰੈਲੀ ਵਰਗੇ ਈਵੈਂਟ ਦੌਰਾਨ ਆਰਮਰ ਇੰਸ਼ੋਰੈਂਸ ਬ੍ਰੋਕਰਜ਼ ਲਿਮਟਿਡ ਵੱਲੋਂ 100,000 ਡਾਲਰ ਦੀ ਡੋਨੇਸ਼ਨ ਦਿੱਤੀ ਗਈ। ਬਰੈਂਪਟਨ ਦੇ ਰੋਟਰੀ ਕਲੱਬ ਵੱਲੋਂ ਵੀ 100,000 ਡਾਲਰ ਦੀ ਹਿੱਸੇਦਾਰੀ ਪਾਈ ਗਈ।

ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਇਸ ਸਾਲ ਪਹਿਲਾਂ ਨਾਲੋਂ ਜ਼ਿਆਦਾ ਅਰਥਭਰਪੂਰ ਰਿਹਾ। ਅਜਿਹਾ ਇਸ ਲਈ ਕਿਉਂਕਿ ਪਿਛਲੇ 24 ਮਹੀਨਿਆਂ ਤੋਂ ਅਸੀਂ ਇਸ ਤਰ੍ਹਾਂ ਦੇ ਹੋਰ ਤਿਥ ਤਿਓਹਾਰਾਂ ਤੋਂ ਮਹਾਂਮਾਰੀ ਕਾਰਨ ਵਾਂਝੇ ਸੀ। ਉਨ੍ਹਾਂ ਆਖਿਆ ਕਿ ਰੰਗਾ-ਰੰਗ ਪ੍ਰੋਗਰਾਮ ਤੇ ਮਨੋਰੰਜਨ ਦੇ ਹੋਰ ਸਾਧਨਾਂ ਨੇ ਸਮਾਂ ਬੰਨ੍ਹ ਕੇ ਰੱਖ ਦਿੱਤਾ।

ਬੀਵੀਡੀ ਗਰੁੱਪ ਦੇ ਪ੍ਰੈਜ਼ੀਡੈੱਟ ਬਿਕਰਮ ਢਿੱਲੋਂ ਨੇ ਆਖਿਆ ਕਿ ਇਸ ਸਾਲ ਹੋਲੀ ਗਾਲਾ ਦਾ ਪ੍ਰੀਜ਼ੈਂਟਿੰਗ ਸਪਾਂਸਰ ਬਣਕੇ ਉਨ੍ਹਾਂ ਦੇ ਗਰੁੱਪ ਨੂੰ ਬਹੁਤ ਵਧੀਆ ਲੱਗਿਆ। ਜਸ਼ਨ ਮਨਾਉਂਦੇ ਹੋਏ ਆਪਣੀ ਕਮਿਊਨਿਟੀ ਲਈ ਹੈਲਥ ਕੇਅਰ ਨੂੰ ਹੋਰ ਬਿਹਤਰ ਕਰਨ ਵਾਸਤੇ ਓਸਲਰ ਫਾਊਂਡੇਸ਼ਨ ਦੀ ਮਦਦ ਕਰਨਾ ਹੋਰ ਵੀ ਚੰਗਾ ਲੱਗਿਆ। ਹੋਲੀ ਗਾਲਾ ਡਾਇਮੰਡ ਸਪਾਂਸਰ ਐਸਆਰਐਕਸ ਹੈਲਥ ਸੋਲਿਊਸ਼ਨਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਆਦੇਸ਼ ਵੋਰ੍ਹਾ ਨੇ ਆਖਿਆ ਕਿ ਪਿਛਲੇ ਦੋ ਸਾਲਾਂ ਤੋਂ ਹੈਲਥ ਕੇਅਰ ਸਾਰੇ ਲੋਕਾਂ ਦੇ ਮਨਾਂ ਵਿੱਚ ਸੱਭ ਤੋਂ ਉੱਪਰ ਰਹੀ ਹੈ। ਸਾਡੀ ਆਰਗੇਨਾਈਜ਼ੇਸ਼ਨ ਵੱਲੋਂ ਹੋਲੀ ਗਾਲਾ ਨੂੰ ਸਪਾਂਸਰ ਕਰਨਾ ਕੁਦਰਤੀ ਸੀ। ਇਸ ਤਰ੍ਹਾਂ ਦੇ ਨੇਕ ਕੰਮ ਵਿੱਚ ਮਦਦ ਕਰਕੇ ਬਹੁਤ ਵਧੀਆ ਲੱਗਿਆ। ਇਸ ਮੌਕੇ ਭੰਗੜੇ ਦੇ ਬਾਦਸ਼ਾਹ ਜੈਜ਼ੀ ਬੀ ਨੇ ਵੀ ਆਪਣੇ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ।

## ਮਨੀ ਚੇਂਜਰ ਦੇ ਦਫ਼ਤਰ ਵਿੱਚੋਂ 60 ਹਜ਼ਾਰ ਰੁਪਏ ਲੁੱਟੇ

ਲੁਧਿਆਣਾ, 14 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੇ ਸ਼ਿਮਲਾਪੁਰੀ ਇਲਾਕੇ ਵਿੱਚ ਮਨੀ ਐਕਸਚੇਂਜਰ ਦੇ ਦਫ਼ਤਰ ਵਿੱਚੋਂ ਦੋ ਹਥਿਆਰਬੰਦ ਲੁਟੇਰਿਆਂ ਨੇ ਪਿਸਤੌਲ ਦੇ ਜ਼ੋਰ ਉੱਤੇ 60,000 ਰੁਪਏ ਦੀ ਨਕਦੀ ਲੁੱਟ ਲਈ। ਵਾਰਦਾਤ ਦੀਆਂ ਸਾਰੀਆਂ ਤਸਵੀਰਾਂ ਦਫ਼ਤਰ ਵਿੱਚ ਬਾਹਰ ਲੱਗੇ ਸੀ ਸੀ ਟੀ ਵੀ ਵਿੱਚ ਕੈਦ ਹੋ ਗਈਆਂ। ਯੋਗੇਸ਼ ਇੰਟਰਪ੍ਰਾਈਜ਼ ਦੇ ਮਾਲਕ ਤਰੁਣ ਕੁਮਾਰ ਨੇ ਦੱਸਿਆ ਕਿ ਰਾਤਕਰੀਬ 9.30 ਵਜੇ ਉਹ ਆਪਣੀ ਮਨੀ ਚੇਂਜਿੰਗ ਦੀ ਦੁਕਾਨ ਵਿੱਚ ਇਕੱਲੇ ਸਨ। ਇਸੇ ਦੌਰਾਨ ਦੋ ਪੱਗ ਵਾਲੇ ਵਿਅਕਤੀ ਆਏ। ਦੁਕਾਨ ਵਿੱਚ ਵੜਦੇ ਸਾਰ ਉਨ੍ਹਾਂ ਨੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਇਸ ਤੋਂ ਪਹਿਲਾਂ ਕਿ ਦੁਕਾਨਦਾਰ ਕੁਝ ਸਮਝਦਾ, ਲੁਟੇਰਿਆਂ ਨੇ ਪਿਸਤੌਲ ਕੱਢ ਕੇ ਗੋਲੀ ਮਾਰ ਦੇਣ ਦੀ ਧਮਕੀ ਨਾਲ ਨਕਦੀ ਕੱਢਣ ਨੂੰ ਕਿਹਾ। ਦੁਕਾਨਦਾਰ ਨੇ ਰੌਲਾ ਪਾਉਣ ਦਾ ਸੋਚਿਆ ਪਰ ਮਾਰ ਦੇਣਦੀ ਧਮਕੀ ਸੁਣ ਕੇ ਚੁੱਪ ਰਿਹਾ। ਲੁਟੇਰੇ ਇੱਕ ਮਿੰਟ ਦੁਕਾਨ ਦੇ ਅੰਦਰ ਰਹੇ ਤੇ ਸੱਠ ਹਜ਼ਾਰ ਰੁਪਏ ਦੀ ਨਕਦੀ ਲੁੱਟਣ ਤੋਂ ਬਾਅਦ ਫ਼ਰਾਰ ਹੋ ਗਏ। ਦੁਕਾਨਦਾਰ ਮੁਤਾਬਕ ਦੋਹਾਂ ਲੁਟੇਰਿਆਂ ਨੇ ਮੂੰਹ 'ਤੇ ਰੁਮਾਲ ਬੰਨ੍ਹੇ ਹੋਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW



# ਰੂਸ-ਯੂਕਰੇਨ ਜੰਗ ਦੌਰਾਨ ਅਮਰੀਕਾ ਦਾ ਦਬਾਅ ਤੇ ਭਾਰਤ ਦੀ ਗੁੱਟ-ਨਿਰਪੱਖਤਾ ਦੀ ਰਿਵਾਇਤ



ਜਤਿੰਦਰ ਪੰਨੂ

ਕਾਫੀ ਲੰਮੇ ਅਰਸੇ ਤੋਂ ਅਸੀਂ ਸੰਸਾਰ ਪੱਧਰ ਦੀ ਹਲਚਲ ਬਾਰੇ ਨਹੀਂ ਲਿਖਿਆ। ਅਸਲ ਵਿੱਚ ਭਾਰਤ ਵਿੱਚ ਵੀ ਤੇ ਸਾਡੇ ਪੰਜਾਬ ਵਿੱਚ ਵੀ ਹਾਲਾਤ ਦੀ ਤੋਰ ਏਨੀ ਤਿੱਖੀ ਬਣੀ ਰਹੀ ਸੀ ਕਿ ਬਾਹਰ ਵੱਲ ਝਾਕਣ ਜਾਂ ਕਦੇ ਝਾਕ ਵੀ ਲਿਆ ਤਾਂ ਉਸ ਬਾਰੇ ਲਿਖਣ ਦਾ ਕੰਮ ਸਾਨੂੰ ਆਪਣੇ ਚੁਫੇਰੇ ਦੇ ਹਾਲਾਤ ਕਾਰਨ ਕਈ ਵਾਰੀ ਟਾਲਣਾ ਪਿਆ। ਪੰਜਾਬ ਵਿਚਲੀ ਹਾਲਤ ਭਾਵੇਂ ਅਜੇ ਵੀ ਉਸ ਪੜਾਅ ਉੱਤੇ ਨਹੀਂ ਪਹੁੰਚੀ ਕਿ ਉਸ ਦੀ ਚਿੰਤਾ ਮਨਾਂ ਤੋਂ ਲਹਿ ਸਕੇ, ਪਰ ਕੁਝ ਕੁ ਸਥਿਤੀ ਏਦਾਂ ਦੀ ਬਣ ਗਈ ਹੈ ਕਿ ਹੋਰਨਾਂ ਮੁੱਦਿਆਂ ਲਈ ਸਮਾਂ ਕੱਢਿਆ ਜਾ ਸਕਦਾ ਹੈ। ਜਦੋਂ ਹੋਰਨਾਂ ਮੁੱਦਿਆਂ ਲਈ ਵਕਤ ਕੱਢੇ ਜਾਣ ਦੀ ਸਥਿਤੀ ਬਣ ਗਈ ਤਾਂ ਅਸੀਂ ਚਲੰਤ ਸਾਲ ਦੇ ਅੰਤਲੇ ਮਹੀਨੇ ਦਸੰਬਰ ਵਿੱਚ ਆ ਰਹੀਆਂ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਵੀ ਛੇੜ ਸਕਦੇ ਹਾਂ, ਪਰ ਉਸ ਚਰਚਾ ਨੂੰ ਹਾਲ ਦੀ ਘੜੀ ਲਾਂਭੇ ਰੱਖਦੇ ਹੋਏ ਅਸੀਂ ਇਸ ਵਾਰੀ ਸੰਸਾਰ ਦੀ ਸਥਿਤੀ ਅਤੇ ਇਸ ਵਿੱਚ ਰੂਸ-ਯੂਕਰੇਨ ਜੰਗ ਨੂੰ ਪਹਿਲਾਂ ਵਿਚਾਰਨਾ ਠੀਕ ਸਮਝਿਆ ਹੈ।

ਰੂਸ-ਯੂਕਰੇਨ ਜੰਗ ਦੀ ਚਰਚਾ ਕਰਨਾ ਇਸ ਵੇਲੇ ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਜਿਵੇਂ ਅਮਰੀਕਾ ਤੇ ਉਸ ਦੇ ਪਿਛਲੱਗ ਦੇਸ਼ਾਂ ਨੇ ਸੰਸਾਰ ਦੀ ਹਰ ਪੰਚਾਇਤੀ ਸੱਥ ਵਿੱਚ ਸਿਰਫ ਰੂਸ ਨੂੰ ਜੰਗ ਦਾ ਇਕਲੌਤਾ ਦੋਸ਼ੀ ਦੱਸਣ ਦਾਰਾਗ ਸ਼ੁਰੂ ਕੀਤਾ ਪਿਆ ਹੈ, ਉਹ ਸਾਨੂੰ ਇੱਕਦਮ ਠੀਕ ਨਹੀਂ ਲੱਗਦਾ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਅਸੀਂ ਰੂਸ ਦੇ ਜੰਗੀ ਦਾਅ ਨੂੰ ਜਾਇਜ਼ ਮੰਨਦੇ ਹਾਂ, ਏਦਾਂ ਦੀ ਕੋਈ ਗੱਲ ਅਸੀਂ ਕਦੇ ਨਹੀਂ ਕਹਾਂਗੇ, ਪਰ ਇਹ ਕਹਿਣ ਤੋਂ ਸਾਨੂੰ ਕੋਈ ਝਿਜਕ ਨਹੀਂ ਕਿ ਇਸ ਜੰਗ ਦਾ ਇਕਲੌਤਾ ਦੋਸ਼ੀ ਰੂਸ ਨੂੰ ਕਹਿਣਾ ਔਖਾ ਹੈ। ਜਦੋਂ ਅਣਲਿਖੀ ਜਿਹੀ ਸਹਿਮਤੀਚਿਰੋਕਣੀਬਣ ਚੁੱਕੀ ਸੀ ਕਿ ਕਮਿਊਨਿਸਟ ਵਿਰੋਧ ਦੇ ਨਾਂਅ ਬਣਾਈ ਹੋਈ ਨਾਟੋ (ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ) ਆਪਣੇ ਭਾਈਬੰਦ ਦੇਸ਼ਾਂ ਦਾ ਵਾਧਾ ਕਰਦਿਆਂ ਰੂਸ ਦੀਆਂ ਜੜ੍ਹਾਂ ਤੱਕ ਨਹੀਂ ਜਾਵੇਗੀ ਤਾਂ ਉਸ ਨੂੰ ਯੂਕਰੇਨ ਨੂੰ ਇਸ ਵਿੱਚ ਸ਼ਾਮਲ ਕਰਨ ਦੀਆਂ ਸੁਰਾਂ ਨਹੀਂ ਸਨ ਕੱਢਣੀਆਂ ਚਾਹੀਦੀਆਂ। ਇਨ੍ਹਾਂ ਸੁਰਾਂ ਦੇ ਕਾਰਨ ਹੀ ਰੂਸ ਵਾਲਿਆਂ ਨੂੰ ਇਹ ਫਿਕਰ ਪਿਆ ਕਿ ਯੂਕਰੇਨ ਜਦੋਂ ਨਾਟੋ ਨਾਲ ਜੁੜੇਗਾ, ਨਾਟੋ ਦੀਆਂ ਫੌਜਾਂ ਸਾਡੇ ਗਵਾਂਢ ਵਿੱਚ ਐਟਮੀ ਮਿਜ਼ਾਈਲਾਂ ਬੀੜਨਗੀਆਂ, ਇਸ ਲਈ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਨ ਦਾ ਰਾਹ ਰੋਕਿਆ ਜਾਵੇ। ਵਾਰ-ਵਾਰ ਕਹਿਣ ਦੇ ਬਾਵਜੂਦ ਨਾ ਤਾਂ ਨਾਟੋ ਵਾਲਿਆਂ ਨੇ ਇਸ ਚਾਲ ਤੋਂ ਪੈਰ ਪਿੱਛੇ ਖਿੱਚਿਆ ਅਤੇ ਨਾ ਯੂਕਰੇਨ ਦੇ ਰਾਸ਼ਟਰਪਤੀ ਨੇ ਏਦਾਂ ਕਰਨ ਦਾ ਖੰਡਨ ਕੀਤਾ, ਪਰ ਜਦੋਂ ਉਹ ਰੂਸ ਨਾਲ ਜੰਗ ਵਿੱਚ ਫਸ ਗਿਆ ਤੇ ਨਾਟੋ ਵਾਲਿਆਂ ਨੇ ਆਪਣਾ ਪੱਲਾ ਬਚਾ ਕੇ ਰੂਸ ਦੇ ਨਾਲ ਜੰਗ ਵਿੱਚ ਉਸ ਦਾ ਦੂਰੋਂ ਸਾਥ ਦੇਣ ਦੀਆਂ ਗੱਲਾਂ ਕਹੀਆਂ ਤਾਂ ਉਹ ਬੋਲੀ ਬਦਲ ਗਿਆ। ਪਿਛਲੇ ਹਫਤੇ ਤੋਂ ਉਹ ਕਹਿਣ ਲੱਗ ਪਿਆ ਕਿ ਨਾਟੋ ਵਾਲੇ ਡਰਾਕਲ ਹਨ, ਜਿਹੜੇ ਰੂਸ ਤੋਂ ਡਰੀ ਜਾ ਰਹੇ ਹਨ, ਅਸੀਂ ਉਨ੍ਹਾਂ ਦੀ ਮੈਂਬਰੀ ਲੈਣ ਦੀ ਲੋੜ ਨਹੀਂ ਸਮਝਦੇ। ਜੇ ਏਨੀ ਗੱਲ ਕੁਝ ਚਿਰ ਪਹਿਲਾਂ ਕਹੀ ਹੁੰਦੀ ਤਾਂ ਸ਼ਾਇਦ ਜੰਗ ਹੀ ਨਹੀਂ ਸੀ ਲੱਗਣੀ। ਫਿਰ ਵੀ ਹਾਲਾਤ ਬਾਰੇ ਇਸ ਵਿਆਖਿਆ ਦਾ ਇਹ ਮਤਲਬ ਨਹੀਂ ਕਿ ਰੂਸ ਵੱਲੋਂ ਹਮਲਾ ਕਰਨਾ ਠੀਕ ਸੀ, ਕੀਤਾ ਰੂਸ ਨੇ ਗਲਤ ਹੀ ਹੈ।

ਇਹ ਬਿਲਕੁਲ ਠੀਕ ਹੈ ਕਿ ਹਾਲਾਤ ਜੋ ਵੀ ਸਨ, ਰੂਸ ਨੇ ਹਮਲਾ ਕਰ ਕੇ ਗਲਤ ਕੀਤਾ ਸੀ, ਪਰ ਅਮਰੀਕਾ ਅਤੇ ਉਸ ਦੇ ਸਾਥੀਆਂ ਦਾ ਇਸ ਜੰਗ ਦੇ ਪਹਿਲੇ ਦਿਨ ਤੋਂ ਜੋ ਰੋਲ ਸੀ, ਉਹ ਵੀ ਜੰਗ ਰੋਕਣ ਲਈ ਕੁਝ ਕਰਨ ਦੀ ਥਾਂ ਬਲਦੀ ਉੱਤੇ ਤੇਲ ਪਾਉਣ ਵਾਲਾ ਸੀ। ਆਪ ਉਹ ਜੰਗ ਵਿੱਚ ਕੁੱਦਣ ਤੋਂ ਬਚਦੇ ਰਹੇ ਤੇ ਜਦੋਂ ਰੂਸ ਨੇ ਸਾਫ ਆਖਿਆ ਕਿ ਜੇ ਉਹ ਜੰਗ ਵਿੱਚ ਆਏ ਤਾਂ ਲੜਾਈ ਸਿਰਫ ਯੂਕਰੇਨ ਤੱਕ ਸੀਮਤ ਨਹੀਂ ਰਹਿਣੀ ਤਾਂ ਬਿਲਕੁਲ ਯਰਕ ਗਏ ਅਤੇ ਪਰਦੇ ਪਿੱਛੋਂ ਜੰਗ ਲਈ ਯੂਕਰੇਨ ਨੂੰ ਮਦਦ ਭੇਜਦੇ ਰਹੇ, ਪਰ ਇਸ ਮੌਕੇ ਉਨ੍ਹਾਂ ਨੇ ਰੂਸ ਵਿਰੁੱਧ ਕਈ ਮੋਰਚੇ ਹੋਰ ਖੋਲ੍ਹਣ ਵਾਲਾ ਕੰਮ ਆਰੰਭ ਕਰ ਦਿੱਤਾ। ਪਹਿਲਾ ਇਹ ਕੀਤਾ ਕਿ ਆਪਣੇ ਦੇਸ਼ ਵੱਲੋਂ ਵੀ ਅਤੇ ਆਪਣੇ ਪਿਛਲੱਗ ਦੇਸ਼ਾਂ ਵੱਲੋਂ ਵੀ ਰੂਸ ਵਿਰੁੱਧ ਪਾਬੰਦੀਆਂ ਲਵਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਗੋਂ ਰੂਸ ਨੇ ਵੀ ਪਾਬੰਦੀਆਂ ਲਾ ਦਿੱਤੀਆਂ। ਫਿਰ ਅਮਰੀਕਾ ਸੰਸਾਰ ਸੱਥ ਯੂ ਐੱਨ ਓ ਦੇ ਵੱਖ-ਵੱਖ ਫੋਰਮਾਂ ਵਿੱਚ ਰੂਸ ਦੇ ਖਿਲਾਫ ਮਤੇ ਪਾਸ ਕਰਵਾਉਣ ਤੁਰ ਪਿਆ ਅਤੇ ਏਥੇ ਆ ਕੇ ਇੱਕ ਕੰਮ ਹੋਰ ਕੀਤਾ, ਜਿਸ ਦਾ ਅਮਰੀਕਾ ਦਾ ਪਿਛਲਾ ਇਤਿਹਾਸ ਸੀ, ਪਰ ਕਾਫੀ ਲੰਮੇ ਸਮੇਂ ਤੋਂ ਏਦਾਂ ਦੀ ਬਾਕਾਇਦਾ ਮੁਹਿੰਮ ਉਸ ਨੇ ਨਹੀਂ ਸੀ ਚਲਾਈਅਤੇ ਇਸ ਨਾਲ ਉਹ ਭਾਰਤ ਨੂੰ ਵੀ ਵਿਵਾਦ ਵਿੱਚ ਫਸਾਉਣ ਲੱਗ ਪਿਆ।

ਸਾਨੂੰ ਯਾਦ ਹੈ ਕਿ ਜਦੋਂ ਅਫਗਾਨਿਸਤਾਨ ਵਿੱਚ ਅਮਰੀਕਾ ਨੇ ਜੰਗ ਲੜਨੀ ਸੀ ਤਾਂ ਉਸ ਦੇ ਰਾਸ਼ਟਰਪਤੀ ਜਾਰਜ ਬੁੱਸ਼ ਜੂਨੀਅਰ ਨੇ ਆਖਿਆ ਸੀ ਕਿ ਕੋਈ ਨਿਰਪੱਖ ਨਹੀਂ ਗਿਣਿਆ ਜਾਵੇਗਾ, ਜਿਹੜਾ ਕੋਈ ਸਾਡੇ ਨਾਲ ਨਹੀਂ ਖੜੋਵੇਗਾ, ਉਹ ਦੁਸ਼ਮਣ ਨਾਲ ਮੰਨਿਆ ਜਾਵੇਗਾ। ਵੀਹ ਸਾਲਾਂ ਬਾਅਦ ਓਸੇ ਦੁਸ਼ਮਣ ਤਾਲਿਬਾਨ ਨਾਲ ਉਸ ਨੇ ਜਦੋਂ ਸਮਝੌਤਾ ਕੀਤਾ ਤਾਂ ਸਾਥੀ ਦੇਸ਼ਾਂ ਨੂੰ ਪੁੱਛਿਆ ਵੀ ਨਹੀਂ। ਦੁਨੀਆ ਅਮਰੀਕਾ ਦੀਆਂ ਕੂਟਨੀਤਕ ਲੋੜਾਂ ਵਾਲੇ ਪਾਵੇ ਨਾਲ ਨਹੀਂ ਬੱਝ ਸਕਦੀ, ਹਰ ਖੁਦ-ਮੁਖਤਿਆਰ ਦੇਸ਼ ਨੂੰ ਆਪਣੀ ਨੀਤੀ ਮੁਤਾਬਕ ਚੱਲਣ ਦਾ ਹੱਕ ਹੈ। ਉਸ ਵਕਤ ਭਾਰਤ ਦੀ ਅਗਵਾਈ ਕਰ ਰਹੇ ਅਟਲ ਬਿਹਾਰੀ ਵਾਜਪਾਈ ਨੇ ਇੱਕ ਪਲ ਲਾਏ ਬਿਨਾਂ ਅਮਰੀਕਾ ਨਾਲ ਖੜਣ ਦਾ ਐਲਾਨ ਕਰ ਕੇ ਠੀਕ ਨਹੀਂ ਸੀ ਕੀਤਾ, ਪਰ ਇਸ ਵਾਰੀ ਜਦੋਂ ਰੂਸ ਦੇ ਖਿਲਾਫ ਅਮਰੀਕਾ ਨੇ ਇਹੋ ਜਿਹੀ ਮੁਹਿੰਮ ਚਲਾਈ ਹੈ ਤਾਂ ਭਾਰਤ ਦੀ ਮੌਜੂਦਾ ਸਰਕਾਰ ਨੇ ਆਮ ਕਰ ਕੇ ਲਗਾਤਾਰ ਠੀਕ ਪੈਂਤੜਾ ਲਿਆ ਹੈ। ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਜਿਸ ਯੂਕਰੇਨ ਨਾਲ ਜੁੜਿਆ ਹੈ, ਉਸ ਦੀ ਸਰਕਾਰ ਦੀ ਨਾਰਾਜ਼ਗੀ ਵੀ ਸਹੇੜ ਲਈ ਤੇ ਅਮਰੀਕੀ ਸਰਕਾਰ ਦਾ ਬੋਲ-ਕੁਬੋਲ ਵੀ ਸਹਾਰਨ ਦੀ ਕੌੜੀ ਗੋਲੀ ਚੱਬ ਲਈ, ਪਰ ਗੁੱਟ-ਨਿਰਪੱਖਤਾ ਦਾ ਪੱਲਾ ਨਹੀਂ ਛੱਡਿਆ। ਜਦੋਂ ਵੀ ਤੇ ਜਿਸ ਵੀ ਸੰਸਾਰ ਪੱਧਰ ਦੇ ਫੋਰਮ ਵਿੱਚ ਰੂਸ-ਯੂਕਰੇਨ ਮੁੱਦੇ ਉੱਤੇ ਵੋਟਾਂ ਪੈਣ ਲੱਗੀਆਂ, ਵੱਡੀ ਬਹੁ-ਗਿਣਤੀਦੇਸ਼ ਅਮਰੀਕਾ ਨਾਲ ਖੜੇ ਵੇਖਣ ਦੇ ਬਾਵਜੂਦ ਭਾਰਤ ਸਰਕਾਰ ਇੱਕੋ ਰੱਟ ਲਾਈ ਗਈ ਕਿ ਜੰਗ ਦੇ ਖਾਤਮੇ ਤੇ ਅਮਨ ਦੀ ਕਾਇਮੀ ਲਈ ਡਿਪਲੋਮੇਸੀ ਵਰਤਣੀ ਚਾਹੀਦੀ ਹੈ, ਇਹੋ ਜਿਹਾ ਪਾਬੰਦੀਆਂ ਲਾਉਣ ਦਾ ਰਾਹ ਕੋਈ ਹੱਲ ਨਹੀਂ ਕੱਢ ਸਕਦਾ। ਇਸ ਦੇ ਬਾਅਦ ਭਾਰਤ ਆਮ ਕਰ ਕੇ ਹਰ ਮੌਕੇ ਵੋਟਿੰਗ ਵਿੱਚ ਕਿਸੇ ਪਾਸੇ ਖੜੇ ਹੋਣ ਤੋਂ ਸਿਰ ਫੇਰ ਦੇਂਦਾਰਿਹਾ ਅਤੇ ਠੀਕ ਕਰਦਾ ਰਿਹਾ।

ਭਾਰਤ ਦੀ ਇੱਕ ਸ਼ਾਨਦਾਰ ਵਿਰਾਸਤ ਹੈ ਅਤੇ ਰਿਵਾਇਤ ਵੀ। ਕਿਸੇ ਵੇਲੇ ਸੰਸਾਰ ਵਿੱਚ ਜਦੋਂ ਕਮਿਊਨਿਸਟ ਅਤੇ ਗੈਰ-ਕਮਿਊਨਿਸਟ ਦੇ ਦੋ ਗਰੁੱਪ ਨਾਟੋ ਅਤੇ ਵਾਰਸਾ-ਪੈਕਟ ਦੀਆਂ ਦੋ ਧਿਰਾਂ ਸੀਤ-ਯੁੱਧ ਵਾਲੇ ਦੌਰ ਵਿੱਚ ਸਾਰੇ ਸੰਸਾਰ ਨੂੰ ਤੀਸਰੀ ਸੰਸਾਰ ਜੰਗ ਲੱਗਣ ਦਾ ਖਤਰਾ ਵਿਖਾ ਰਹੀਆਂ ਸਨ, ਭਾਰਤ ਉਸ ਵੇਲੇ ਤੀਸਰੀ ਧਿਰ; ਗੁੱਟ-ਨਿਰਪੱਖ ਧੜੇ ਦੇ ਪਹਿਲੇ ਆਗੂਆਂ ਵਿੱਚੋਂ ਜਾਣਿਆ ਗਿਆ ਸੀ। ਯੁਗੋਸਲਾਵੀਆ ਦੀ ਰਾਜਧਾਨੀ ਬੈਲਗਰੇਡ ਵਿੱਚ ਇਸ ਮਕਸਦ ਲਈ ਜਦੋਂ ਪਹਿਲੀ ਕਾਨਫਰੰਸ ਕੀਤੀ ਗਈ ਅਤੇ ਉਸ ਵਿੱਚ ਗੁੱਟ-ਨਿਰਪੱਖਤਾ ਦੀ ਲਹਿਰ ਦਾ ਮੁੱਢ ਬੰਨ੍ਹਿਆ ਸੀ, ਉਸ ਵਿੱਚ ਪਹਿਲੇ ਪੰਜ ਆਗੂਆਂ ਵਿੱਚ ਭਾਰਤ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਸ਼ਾਮਲ ਸੀ। ਬਾਕੀ ਚਾਰ ਪ੍ਰਮੁੱਖ ਲੀਡਰਾਂ ਵਿੱਚ ਪਹਿਲਾ ਆਗੂ ਕਾਨਫਰੰਸ ਕਰਵਾ ਰਹੇ ਦੇਸ਼ ਯੁਗੋਸਲਾਵੀਆ ਦਾ ਰਾਸ਼ਟਰਪਤੀ ਜੋਜ਼ਫ ਬਰੋਜ਼ ਟੀਟੋ ਸੀ ਤੇ ਉਸ ਦੇ ਨਾਲ ਮਿਸਰ ਦਾ ਰਾਸ਼ਟਰਪਤੀ ਜਮਾਲ ਅਬਦੁਲ ਨਾਸਰ ਅਤੇ ਇੰਡੋਨੇਸ਼ੀਆ ਦਾ ਰਾਸ਼ਟਰਪਤੀ ਸੁਕਾਰਨੋ ਵੀ ਸਨ। ਘਾਨਾ ਵਰਗੇ ਛੋਟੇ ਦੇਸ਼ ਦਾ ਰਾਸ਼ਟਰਪਤੀ ਕਵਾਂਮੇ ਨਕਰੂਮਾਹ ਵੀ ਉਨ੍ਹਾਂ ਨਾਲ ਸੀ, ਪਰ ਉਸ ਦੀ ਬਹੁਤੀ ਚਰਚਾ ਨਹੀਂ ਹੁੰਦੀ, ਕਿਉਂਕਿ ਉਸ ਦੇ ਆਪਣੇ ਦੇਸ਼ ਦੇ ਹਾਲਾਤ ਕਾਰਨ ਉਸ ਨੂੰ ਵੱਧ ਧਿਆਨ ਆਪਣੇ ਦੇਸ਼ ਵਿੱਚ ਦੇਣਾ ਪੈਂਦਾ ਸੀ।

ਜਿਹੜਾ ਭਾਰਤ ਕਿਸੇ ਸਮੇਂ ਅਮਨ ਦੀ ਘੁੱਗੀ ਉਡਾਉਣ ਵਾਲੀ ਗੁੱਟ-ਨਿਰਪੱਖ ਲਹਿਰ ਦਾ ਮੋਢੀ ਹੁੰਦਾ ਸੀ, ਵਕਤ ਦੇ ਨਾਲ ਜਦੋਂ ਰੂਸ ਵਿੱਚ ਕਮਿਊਨਿਸਟ ਰਾਜ ਦਾ ਭੋਗ ਪੈ ਗਿਆ, ਉਸ ਦੇ ਬਾਅਦ ਵੀ ਭਾਰਤ ਦੀਆਂ ਸਰਕਾਰਾਂ ਆਮ ਕਰ ਕੇ ਉਸ ਪੁਰਾਣੀ ਰਿਵਾਇਤ ਦੀ ਪਾਲਣਾ ਕਰਦੀਆਂ ਰਹੀਆਂ। ਇਸ ਵਾਰੀ ਜਦੋਂ ਰੂਸ-ਯੂਕਰੇਨ ਦਾ ਪੇਚਾ ਪਿਆ ਤਾਂ ਭਾਰਤ ਨੇ ਫਿਰ ਕਈ ਕਾਰਨਾਂ ਕਰ ਕੇ ਦੋਵਾਂ ਵਿਚਾਲੇ ਨਿਰਪੱਖ ਰਹਿ ਕੇ ਸਾਂਝੇ ਪੰਚਾਇਤੀਏ ਦਾ ਰਾਹ ਫੜਿਆ। ਰੂਸ ਦਾ ਵਿਦੇਸ਼ ਮੰਤਰੀ ਪਿਛਲੇ ਹਫਤੇ ਭਾਰਤ ਆਇਆ ਤਾਂ ਉਸ ਨੂੰ ਸਵਾਲ ਪੁੱਛਿਆ ਗਿਆ ਕਿ ਭਾਰਤ ਤੁਹਾਡੇ ਨਾਲ ਨਹੀਂ ਖੜਾ ਹੋਣ ਤੋਂ ਕਿਉਂ ਝਿਜਕਦਾ ਹੈ ਤਾਂ ਉਸ ਨੇ ਕਿਹਾ ਸੀ ਕਿ ਭਾਰਤ ਦੀ ਇੱਕ ਆਪਣੀ ਆਜ਼ਾਦ ਨੀਤੀ ਅਤੇ ਆਜ਼ਾਦ ਹਸਤੀ ਹੈ ਅਤੇ ਅਸੀਂ ਇਸ ਦੇਸ਼ ਦੀ ਇਸ ਨੀਤੀ ਦਾ ਸਤਿਕਾਰ ਕਰਦੇ ਹਾਂ। ਦੂਸਰੇ ਪਾਸੇ ਅਮਰੀਕਾ ਵਾਲਿਆਂ ਨੂੰ ਕਿਸੇ ਨੇ ਪੁੱਛਿਆ ਵੀ ਨਾ ਹੋਵੇ ਤਾਂ ਇੱਕੋ ਗੱਲ ਕਹੀ ਜਾਂਦੇ ਹਨ ਕਿ ਭਾਰਤ ਨੂੰ ਰੂਸ ਦੀ ਦੋਸਤੀ ਮਹਿੰਗੀ ਪੈ ਸਕਦੀ ਹੈ, ਉਸ ਨੂੰ ਇਸ ਮੌਕੇ ਸਾਡੇ ਨਾਲ ਖੜੇ ਹੋ ਕੇ ਰੂਸ ਦਾ ਵਿਰੋਧ ਕਰਨ ਦੀ ਨੀਤੀ ਵਰਤਣੀ ਚਾਹੀਦੀ ਹੈ। ਇਹੋ ਗੱਲ ਭਾਰਤ ਵੀ ਪੁੱਛ ਸਕਦਾ ਹੈ ਕਿ ਜਦੋਂ ਭਾਰਤ ਦੇ ਵਿਰੁੱਧ ਯੂ ਐੱਨ ਓ ਵਿੱਚ ਮਤੇ ਪਾਸ ਹੁੰਦੇ ਸਨ, ਅਮਰੀਕਾ ਭਾਰਤ ਨਾਲ ਖੜਾ ਕਿਉਂ ਨਹੀਂ ਸੀ ਹੁੰਦਾ ਤੇ ਹਰ ਵਾਰੀ ਭਾਰਤ ਦੇ ਵਿਰੁੱਧ ਪਾਕਿਸਤਾਨ ਨਾਲ ਖੜਾ ਕਿਉਂ ਹੁੰਦਾ ਸੀ? ਅਮਰੀਕਾ ਦੀ ਨੀਤੀ ਉਂਜ ਵੀ ਹਰ ਕਿਸੇ ਦੀ ਸਮਝਵਿੱਚ ਪੈਣ ਵਾਲੀ ਨਹੀਂ, ਇਹ ਕੰਧ ਉੱਤੇ ਲੱਗੇ ਕਲਾਕ ਦੇ ਪੈਂਡਲਮ ਵਾਂਗ ਖੱਬੇ-ਸੱਜੇ ਵੱਲ ਝੂਲਦੀ ਹੋਣ ਕਰ ਕੇ ਯਕੀਨ ਨਹੀਂ ਹੁੰਦਾ ਕਿ ਜਿਨ੍ਹਾਂ ਨਾਲ ਅਮਰੀਕਾ ਅੱਜ ਖੜਾ ਹੈ, ਜਾਂ ਉਨ੍ਹਾਂ ਨੂੰ ਆਪਣੇ ਨਾਲ ਲਾਈ ਫਿਰਦਾ ਹੈ, ਉਹ ਭਲਕੇ ਉਨ੍ਹਾਂ ਨਾਲ ਖੜਾ ਰਹੇਗਾ। ਪਾਕਿਸਤਾਨ ਨੂੰ ਵਰਤ ਕੇ ਪਰੇ ਧੱਕ ਦੇਣ ਵਾਂਗ ਏਸੇ ਤਰ੍ਹਾਂ ਹਰ ਕਿਸੇ ਨਾਲ ਕਰ ਸਕਦਾ ਹੈ।

ਕਿਸੇ ਵੀ ਦੇਸ਼ ਵਿੱਚ ਏਦਾਂ ਕਦੇ ਨਹੀਂ ਹੁੰਦਾ ਕਿ ਸਾਰੇ ਲੋਕ ਆਪਣੇ ਦੇਸ਼ ਦੇ ਮੁਖੀ ਦੀ ਹਮਾਇਤ ਹੀ ਕਰਦੇ ਹੋਣ, ਭਾਰਤ ਵਿੱਚ ਵੀ ਨਹੀਂ। ਹਰ ਹੋਰ ਦੇਸ਼ ਵਾਂਗ ਭਾਰਤ ਵਿੱਚ ਵੀ ਰਾਜਨੀਤਕ ਤੇ ਵਿਚਾਰਧਾਰਕ ਮੱਤਭੇਦਾਂ ਏਨੇ ਕੁ ਹਨ ਕਿ ਗਿਣੇ ਨਹੀਂ ਜਾ ਸਕਦੇ। ਇਸ ਕਰ ਕੇ ਵਿਰੋਧੀ ਪਾਰਟੀਆਂ ਧਿਰਾਂ ਨੂੰ ਪ੍ਰਧਾਨ ਮੰਤਰੀ ਦਾ ਵਿਰੋਧ ਬੜੀ ਵਾਰ ਕਰਨਾ ਪੈਂਦਾ ਹੈ ਤੇ ਉਹ ਆਪਣੇ ਇਸ ਲੋਕਤੰਤਰੀ ਹੱਕ ਨੂੰ ਵਰਤਦੀਆਂ ਹਨ, ਪਰ ਭਾਰਤ ਦੀ ਇੱਕ ਪੁਰਾਣੀ ਰਿਵਾਇਤ ਇਹ ਹੈ ਕਿ ਉਸ ਦੇ ਅੰਦਰੂਨੀ ਮੱਤਭੇਦ ਵਿਦੇਸ਼ੀ ਮਾਮਲਿਆਂ ਵਿੱਚ ਕਦੇ ਹੱਦਾਂ ਨਹੀਂ ਟੱਪਦੇ। ਮਰਿਆਦਾ ਦਾ ਖਿਆਲ ਰੱਖਿਆ ਜਾਂਦਾ ਰਿਹਾ ਹੈ ਅਤੇ ਉਹ ਮਰਿਆਦਾ ਇਸ ਵੇਲੇ ਵੀ ਕਾਇਮ ਹੈ। ਰੂਸ ਅਤੇ ਯੂਕਰੇਨ ਦੀ ਜੰਗ ਦੇ ਮੁੱਦੇ ਤੋਂ ਕੋਈ ਖਾਸ ਮੱਤਭੇਦ ਭਾਰਤ ਵਿੱਚ ਨਹੀਂ ਉੱਭਰਿਆ, ਸਗੋਂ ਸਾਰੀਆਂ ਧਿਰਾਂ ਨੇ ਗੁੱਟਾਂ ਤੋਂ ਨਿਰਪੱਖ ਰਹਿ ਕੇ ਅਮਨ ਦੇ ਲਈ ਯਤਨ ਜਾਰੀ ਰੱਖਣ ਦਾ ਪੱਖ ਲਿਆ ਹੈ। ਠੀਕ ਨੀਤੀ ਵੀ ਇਹ ਹੀ ਹੈ, ਜਿਹੜੀ ਭਾਰਤ ਨੇ ਕਈ ਦਹਾਕਿਆਂ ਤੋਂ ਅਪਣਾ ਰੱਖੀ ਹੈ ਤੇ ਇਸ ਗੱਲ ਲਈ ਦੇਸ਼ ਦੇ ਸਾਰੇ ਲੋਕਾਂ ਨੂੰ ਸਹਿਮਤ ਹੋਣਾ ਚਾਹੀਦਾ ਹੈ ਕਿ ਭਵਿੱਖ ਵਿੱਚ ਵੀ ਗੁੱਟ-ਨਿਰਪੱਖਤਾ ਵਾਲੀ ਇਸ ਨੀਤੀ ਉੱਤੇ ਭਾਰਤ ਏਸੇ ਤਰ੍ਹਾਂ ਪਹਿਰਾ ਦੇਂਦਾ ਰਹੇ, ਇਸ ਨਾਲ ਸੰਸਾਰ ਸੱਥ ਵਿੱਚ ਸਤਿਕਾਰ ਵਧਦਾ ਰਹੇਗਾ।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



Happy Vaisakhi

ਵਿਸਾਖੀ ਦਾ ਮੁਬਾਰਕ ਦਿਨ ਤੁਹਾਡੇ ਚਾਵਾਂ ਅਤੇ ਸੱਧਰਾਂ ਨੂੰ ਸੰਪੂਰਨਤਾ ਬਖਸ਼ੇ ਅਤੇ ਤੁਸੀਂ ਜੀਵਨ ਦਾ ਹਰ ਰੰਗ ਮਾਣੋ !

PROTECT YOUR HOME FROM PESTS | 100% Success Rate for Bed Bug Treatment

A to Z Pest Control Inc.
Residential - Commercial - Industrial
905-455-0648 / 647-668-3944
The Bed Bug Experts.

Low Rates & Excellent Pest Control Services

RANJIT SIDHU
(Certified & Licenced Exterminator)

Call: (647) 668-3944 | www.atozpestcontroltoronto.com | info@atozpestcontroltoronto.com

# ਵਿਸਾਖੀ, ਪੰਜਾਬੀਆਂ ਦਾ ਗੌਰਵਮਈ ਇਤਿਹਾਸਕ, ਧਾਰਮਿਕ ਤੇ ਸੱਭਿਆਚਾਰਕ ਦਿਹਾੜਾ

ਵਿਸਾਖੀ ਪੰਜਾਬੀਆਂ ਦਾ ਮਹਾਨ ਗੌਰਵਮਈ ਇਤਿਹਾਸਕ ਤੇ ਧਾਰਮਿਕ-ਦਿਹਾੜਾ ਹੈ। ਹੋਵੇ ਵੀ ਕਿਉਂ ਨਾ। ਇਸ ਦਿਨ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1756 (30 ਮਾਰਚ 1699 ਈਸਵੀ) ਵਾਲੇ ਦਿਨ ਖਾਲਸੇ ਦੀ ਸਿਰਜਣਾ ਕਰਕੇ




ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਦੁਨੀਆਂ ਵਿਚ ਸਿੱਖ ਕੌਮ ਦੀ ਇਕ ਵੱਖਰੀ ਪਹਿਚਾਨ ਬਣਾਈ। ਉਹ ਇਸ ਦਿਨ ਵੱਖ-ਵੱਖ ਗੁਰਦੁਆਰਿਆਂ ਵਿਚ ਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤ-ਮਸਤਕ ਹੁੰਦੇ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੀਤੇ ਹੋਏ ਉਪਕਾਰਾਂ ਨੂੰ ਯਾਦ ਕਰਦੇ ਹਨ। ਇਸ ਮੌਕੇ ਭਰੇ ਦੀਵਾਨਾਂ ਵਿਚ ਰਾਗੀ ਸਿੰਘ, ਢਾਡੀ ਤੇ ਕਵੀਸ਼ਰੀ ਜੱਥੇ ਇਸ ਦਿਨ ਦੀ ਮਹਾਨਤਾ ਆਪੋ-ਆਪਣੇ ਅੰਦਾਜ਼ ਵਿਚ ਬਿਆਨ ਕਰਦੇ ਹਨ ਜਿਨ੍ਹਾਂ ਨੂੰ ਸੁਣ ਕੇ ਸੰਗਤ ਨਿਹਾਲੋ-ਨਿਹਾਲ ਹੁੰਦੀ ਹੈ।

ਅਨੰਦਪੁਰ ਸਾਹਿਬ ਦੀ ਧਰਤੀ 'ਤੇ ਏਸੇ ਤਰ੍ਹਾਂ ਦੇ ਹੀ ਇਕ ਭਰੇ ਹੋਏ ਦੀਵਾਨ ਜਿਸ ਦੀ ਇਕੱਤਰਤਾ ਦੀ ਗਿਣਤੀ ਇਤਿਹਾਸਕਾਰਾਂ ਵੱਲੋਂ 80,000 ਦੇ ਲੱਗਭਗ ਦੱਸੀ ਜਾਂਦੀ ਹੈ, ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਿਸਾਖ ਸੰਮਤ 1756 ਨੂੰ ਇਕ-ਇਕ ਕਰਕੇ ਪੰਜ ਸਿਰਾਂ ਦੀ ਮੰਗ ਕੀਤੀ ਸੀ ਤੇ ਹਰ ਵਾਰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਗੁਰੂ ਨਾਨਕ ਨਾਮ-ਲੇਵਾ ਪੰਜ ਸਿੱਖਾਂ ਦਇਆ ਰਾਮ, ਧਰਮ ਦਾਸ, ਹਿੰਮਤ ਰਾਇ, ਮੋਹਕਮ ਚੰਦ ਤੇ ਸਾਹਿਬ ਚੰਦ ਨੇ ਆਪਣੇ ਸਿਰ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਕੀਤੇ ਤੇ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇੱਕੋ 'ਸਰਬ-ਲੋਹ ਬਾਟੇ' ਵਿਚ 'ਸਰਬ-ਲੋਹ ਖੰਡੇ' ਨਾਲ ਬਾਣੀਆਂ ਦੇ ਉਚਾਰਨ ਦੌਰਾਨ ਤਿਆਰ ਕੀਤਾ ਗਿਆ 'ਅੰਮ੍ਰਿਤ' ਇਨ੍ਹਾਂ ਪੰਜਾਂ ਨੂੰ ਛਕਾਇਆ ਗਿਆ। ਅੰਮ੍ਰਿਤ ਛੱਕਣ ਉਪਰੰਤ ਉਨ੍ਹਾਂ ਦਾ ਨਾਮਕਰਣ ਵੀ ਭਾਈ ਦਇਆ ਸਿੰਘ। ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਕੀਤਾ ਗਿਆ। ਵੱਖ-ਵੱਖ ਜ਼ਾਤਾਂ ਤੇ ਧਰਮਾਂ ਤੋਂ ਆਏ ਇਨ੍ਹਾਂ ਪੰਜਾਂ ਦੀ ਜ਼ਾਤ-ਪਾਤ ਖਤਮ ਕਰਕੇ ਇਨ੍ਹਾਂ ਨੂੰ 'ਸਿੰਘ' (ਸ਼ੇਰ) ਦਾ ਦਰਜਾ ਅਤੇ 'ਪੰਜਾਂ-ਪਿਆਰਿਆਂ' ਦੀ ਉਪਾਧੀ ਦਿੱਤੀ ਗਈ। ਨਿਰਾ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਹੀ ਨਹੀਂ, ਸਗੋਂ ਉਨ੍ਹਾਂ ਕੋਲੋਂ ਖ਼ੁਦ ਅੰਮ੍ਰਿਤ ਛੱਕ ਕੇ 'ਆਪੇ ਗੁਰ ਚੇਲਾ' ਦੀ ਮਿਸਾਲ ਕਾਇਮ ਕੀਤੀ ਜਿਸ ਦੀ ਉਦਾਹਰਣ ਦੁਨੀਆਂ ਵਿਚ ਕਿਧਰੇ ਹੋਰ ਨਹੀਂ ਮਿਲਦੀ। ਉਂਜ ਵੇਖਿਆ ਜਾਏ ਤਾਂ ਇਹ ਪੰਜੇ ਵਿਅੱਕਤੀ ਉਸ ਸਮੇਂ ਦੀਆਂ ਦੱਬੀਆਂ-ਕੁਚਲੀਆਂ ਤੇ ਪਛੜੀਆਂ ਜਾਤਾਂ ਵਿਚੋਂ ਆਏ 'ਆਮ ਆਦਮੀ' ਹੀ ਸਨ ਜਿਨ੍ਹਾਂ ਨੂੰ ਗੁਰੂ ਜੀ ਨੇ ਅੰਮ੍ਰਿਤ ਪਾਨ ਕਰਵਾ ਕੇ ਆਪਣੇ 'ਖਾਸ ਆਦਮੀ' ('ਪੰਜ ਪਿਆਰੇ') ਬਣਾ ਲਿਆ। ਇਹ ਮਹਾਨ ਗੁਰ-ਵਾਕਾਂ 'ਸਭੈ ਸਾਂਝੀਵਾਲ ਸਦਾਇਨ' ਅਤੇ 'ਨੀਚਹੁ ਊਚ ਕਰੇ ਮੇਰਾ ਗੋਬਿੰਦ' ਵਾਲੀ ਗੱਲ ਹੈ। ਪਰ ਬੜੇ ਅਫ਼ਸੋਸ ਵਾਲੀ ਗੱਲ ਹੈ ਕਿ ਅਸੀਂ ਅੱਜ ਵੀ ਜ਼ਾਤ-ਪਾਤ ਦੇ ਬਖੇੜੇ ਵਿਚ ਪਏ ਹੋਏ ਹਾਂ ਤੇ ਇਸ ਤੋਂ ਬਾਹਰ ਨਹੀਂ ਨਿਕਲ ਰਹੇ।

1699 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤ-ਸੰਚਾਰ ਦਾ ਇਹ ਧਾਰਮਿਕ ਤੇ ਇਤਿਹਾਸਕ ਪੱਖ ਹੈ ਜਿਸ ਨਾਲ ਸਿੱਖਾਂ ਦੀ ਮਾਨਸਿਕਤਾ ਤੇ ਧਾਰਮਿਕ-ਆਸਥਾ ਜੁੜੀ ਹੋਈ ਹੈ। ਉਹ ਇਸ ਸ਼ੁਭ ਦਿਨ ਨੂੰ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕਰਦੇ ਹਨ ਤੇ ਖ਼ੁਸ਼ੀ ਖ਼ੁਸ਼ੀ ਮਨਾਉਂਦੇ ਹਨ। ਵੱਖ-ਵੱਖ ਗੁਰਦੁਆਰਿਆਂ ਵਿਚ ਦੀਵਾਨ ਸੱਜਦੇ ਹਨ। ਰਾਗੀ, ਢਾਡੀ ਤੇ ਕਵੀਸ਼ਰ ਜਥੇ ਇਸ ਦਿਨ ਦੀ ਮਹਾਨਤਾ ਨੂੰ ਆਪੋ-ਆਪਣੇ ਅੰਦਾਜ਼ ਵਿਚ ਬਿਆਨ ਕਰਦੇ ਹਨ। ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ('ਗੁਰੂ ਕੀ ਕਾਂਸ਼ੀ') ਵਿਚ ਵਿਸਾਖੀ ਦਾ ਪੁਰਬ ਬਹੁਤ ਹੀ ਜੋਸ਼-ਓ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਉਥੇ ਇਸ ਮੌਕੇ ਸੰਗਤਾਂ ਦੀ ਰੌਣਕ ਵੇਖਣ ਹੀ ਵਾਲੀ ਹੁੰਦੀ ਹੈ। ਲੋਕ ਦੂਰੋਂ ਦੂਰੋਂ ਚੱਲ ਕੇ ਇਨ੍ਹਾਂ ਧਾਰਮਿਕ ਅਸਥਾਨਾਂ 'ਤੇ ਪਹੁੰਚਦੇ ਹਨ ਤੇ ਆਪਣੀ ਸ਼ਰਧਾ ਦਾ ਇਜ਼ਹਾਰ ਕਰਦੇ ਹਨ। ਇਨ੍ਹਾਂ ਮੌਕਿਆਂ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੀਆਂ ਸਿਆਸੀ-ਕਾਨਫਰੰਸਾਂ ਵੀ ਆਯੋਜਿਤ ਕੀਤੀਆਂ ਜਾਂਦੀਆਂ ਹਨ। ਨੇਤਾ ਲੋਕ ਆਪਣੀਆਂ ਪਾਰਟੀਆਂ ਦੀਆਂ ਨੀਤੀਆਂ ਦਾ ਜਿੱਥੇ ਵਿਖਿਆਨ ਕਰਦੇ ਹਨ, ਉੱਥੇ ਦੂਸਰੀਆਂ ਪਾਰਟੀਆਂ 'ਤੇ ਚਿੱਕੜ ਵੀ ਖ਼ੂਬ ਸੁੱਟਦੇ ਹਨ। ਇਸ ਤਰ੍ਹਾਂ ਇਸ ਤਿਉਹਾਰ ਦਾ ਇਹ ਸਿਆਸੀ-ਪੱਖ ਵੀ ਮਹੱਤਵਪੂਰਨ ਹੈ।





ਇਸ ਦੇ ਨਾਲ ਹੀ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਚ 'ਜੱਲ੍ਹਿਆਂ ਵਾਲੇ ਬਾਗ਼' ਵਿਚ ਵਾਪਰੇ ਖ਼ੂਨੀ ਸਾਕੇ ਦੀ ਵੀ ਆਪਣੀ ਹੀ ਇਤਿਹਾਸਕ ਮਹੱਤਤਾ ਹੈ ਜਿੱਥੇ ਅੰਗਰੇਜ਼ੀ ਹਕੂਮਤ ਦੇ ਜਨਰਲ ਡਾਇਰ ਦੇ ਹੁਕਮ ਨਾਲ ਚੱਲੀਆਂ ਗੋਲੀਆਂ ਨਾਲ ਹਿੰਦੂ, ਸਿੱਖ ਤੇ ਮੁਸਲਮਾਨਾਂ ਦਾ ਸਾਂਝਾ ਖ਼ੂਨ ਡੁੱਲ੍ਹਿਆ ਅਤੇ ਇਹ 'ਖ਼ੂਨੀ ਸਾਕਾ' ਭਾਰਤ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਦਾ ਅਹਿਮ ਹਿੱਸਾ ਬਣਿਆ। ਸੈਂਕੜੇ ਲੋਕ ਮਾਰੇ ਗਏ ਤੇ ਹਜ਼ਾਰਾਂ ਜ਼ਖ਼ਮੀ ਹੋਏ। ਬਹੁਤ ਸਾਰਿਆਂ ਨੇ ਉਸ ਥਾਂ 'ਤੇ ਬਣੇ ਇਕ ਖ਼ੂਹ ਵਿਚ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ। ਇਸ ਦਿਨ ਅਸੀ ਇਨ੍ਹਾਂ ਸ਼ਹੀਦਾਂ ਸੂਰਬੀਰਾਂ ਨੂੰ ਵੀ ਪੂਰੇ ਸਤਿਕਾਰ ਨਾਲ ਯਾਦ ਕਰਦੇ ਹਾਂ ਤੇ ਉਨ੍ਹਾਂ ਦੀ ਕੁਰਬਾਨੀ ਅੱਗੇ ਸਿਰ ਝੁਕਾਉਂਦੇ ਹਾਂ।

ਇਹ ਤਾਂ ਹੈ, ਵਿਸਾਖੀ ਦਾ ਇਤਿਹਾਸਕ ਤੇ ਧਾਰਮਿਕ ਪੱਖ। ਇਸ ਦੇ ਨਾਲ ਹੀ ਇਸ ਦੀ ਸਮਾਜਿਕ ਤੇ ਸਭਿਆਚਾਰਕ ਮਹੱਤਤਾ ਵੀ ਓਨੀ ਹੀ ਹੈ। ਖ਼ੁਸ਼ੀਆਂ ਤੇ ਖੇੜਿਆਂ ਦਾ ਤਿਉਹਾਰ ਵਿਸਾਖੀ ਪਿੰਡਾਂ ਤੇ ਸ਼ਹਿਰਾਂ ਵਿਚ ਵਿਸਾਖੀ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਹੋਰ ਕਈ ਤਿਉਹਾਰਾਂ ਵਾਂਗ ਵਿਸਾਖੀ ਵੀ ਇਕ ਮੌਸਮੀ ਤਿਓਹਾਰ ਹੈ। ਸਰਦੀ ਦਾ ਮੌਸਮ ਖਤਮ ਹੋ ਜਾਣ 'ਤੇ ਗਰਮੀ ਦੀ ਸ਼ੁਰੂਆਤ ਹੁੰਦੀ ਹੈ ਤੇ ਹਾੜੀ ਦੀਆਂ ਫਸਲਾਂ ਪੱਕਣ ਲੱਗਦੀਆਂ ਹਨ। ਆਮ ਤੌਰ 'ਤੇ ਵਿਸਾਖੀ ਦਾ ਮੇਲਾ ਦਰਿਆਵਾਂ, ਝੀਲਾਂ ਜਾਂ ਸਰੋਵਰਾਂ ਦੇ ਕੰਢਿਆਂ 'ਤੇ ਲੱਗਦਾ ਹੈ। ਇਸ ਸ਼ੁਭ-ਮੌਕੇ 'ਤੇ ਲੋਕ ਇਨ੍ਹਾਂ ਵਿਚ ਇਸ਼ਨਾਨ ਕਰਨਾ ਪਵਿੱਤਰ ਸਮਝਦੇ ਹਨ। ਇਹ ਉਨ੍ਹਾਂ ਦਾ ਵਿਸ਼ਵਾਸ ਹੈ ਜਿਸ ਦੇ ਨਾਲ ਸ਼ਾਇਦ ਸੁੱਚਤਾ ਦਾ ਇਹਸਾਸ ਜੁੜਿਆ ਹੋਇਆ ਹੈ। ਹਿਮਾਚਲ-ਪ੍ਰਦੇਸ਼ ਦੇ ਮੰਡੀ ਜ਼ਿਲੇ ਦੇ 'ਰਵਾਲਸਰ' ਕਸਬੇ ਵਿਚ ਬਣੇ ਇਕ ਤਲਾਅ ਵਿਚ ਰੋਗੀਆਂ ਨੂੰ ਇਸ਼ਨਾਨ ਕਰਾਉਣ ਦੀ ਪਰੰਪਰਾ ਚਲੀ ਆਉਂਦੀ ਹੈ। ਪਤਾ ਨਹੀਂ ਇਸ ਇਸ਼ਨਾਨ ਨਾਲ ਕਿੰਨੇ ਕੁ ਰੋਗੀ ਰਾਜ਼ੀ ਹੁੰਦੇ ਹੋਣਗੇ। ਕੀ ਇਸ ਦਾ ਕੋਈ ਵਿ-ਗਆਨਕ-ਆਧਾਰ ਹੋਵੇਗਾ ਜਾਂ ਨਹੀਂ, ਪਰ ਗੱਲ ਇਥੇ ਫੇਰ ਲੋਕ-ਵਿਸ਼ਵਾਸ ਦੀ ਹੈ ਤੇ 'ਲੋਕ-ਧਾਰਾ' (ੌਲਕ-ੋਰਣ) ਵਿਚ 'ਲੋਕ-ਵਿਸ਼ਵਾਸ' (ਂਅਟਿਹ) ਦਾ ਆਪਣਾ ਹੀ ਵਿਸ਼ੇਸ਼ ਅਸਥਾਨ ਹੈ। ਇੰਜ ਹੀ, ਕਈ ਲੋਕ ਇਸ ਦਿਨ ਦਰਿਆ ਗੰਗਾ ਦੇ ਕੰਢੇ ਹਰਿਦੁਆਰ ਜਾਂ ਕਈ ਹੋਰ ਦਰਿਆਵਾਂ ਵਿਚ ਇਸ਼ਨਾਨ ਕਰਨਾ ਸ਼ੁਭ ਸਮਝਦੇ ਹਨ। ਹਰੇਕ ਵਿਅੱਕਤੀ ਦਾ ਆਪਣਾ ਆਪਣਾ ਅਕੀਦਾ ਹੈ ਤੇ ਇਸ 'ਤੇ ਕਿੰਤੂ-ਪ੍ਰੰਤੂ ਕਰਨਾ ਫਜ਼ੂਲ ਹੈ।

ਉੱਤਰੀ ਭਾਰਤ, ਖਾਸ ਤੌਰ 'ਤੇ ਪੰਜਾਬ ਵਿਚ ਵਿਸਾਖੀ ਮੁੱਖ ਤੌਰ 'ਤੇ ਕਿਸਾਨਾਂ ਦਾ ਤਿਉਹਾਰ ਹੈ। ਇਸ ਖਿੱਤੇ ਦੀ ਮੁੱਖ ਫਸਲ ਕਣਕ ਇਨ੍ਹੀਂ ਦਿਨੀਂ ਪੱਕ ਕੇ ਤਿਆਰ ਹੋ ਜਾਂਦੀ ਹੈ ਜਿਸ ਨੂੰ ਵੇਖ ਕੇ ਕਿਸਾਨ ਝੂਮ ਉੱਠਦਾ ਹੈ ਕਿਉਂਕਿ ਉਸਦੀ ਆਰਥਿਕਤਾ ਇਸ ਦੇ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਬੇਸ਼ਕ, ਹੁਣ ਪੰਜਾਬ ਵਿਚ ਕਈ ਥਾਈਂ ਸਾਲ ਵਿਚ ਤਿੰਨ-ਤਿੰਨ ਫਸਲਾਂ ਵੀ ਲਈਆਂ ਜਾਂਦੀਆਂ ਹਨ ਪਰ ਅਜੇ ਵੀ ਬਹੁਤੇ ਇਲਾਕਿਆਂ ਵਿਚ ਕਣਕ ਹੀ ਹਾੜੀ ਦੀ ਮੁੱਖ ਫਸਲ ਹੈ। ਜੱਟ-ਜ਼ਿਮੀਂਦਾਰ ਪਹਿਲਾਂ ਆਪਣੀਆਂ ਬੈਲ-ਗੱਡੀਆਂ ਵਿਚ ਪ੍ਰੀਵਾਰਾਂ ਸਮੇਤ ਬੈਠ ਕੇ ਇਨ੍ਹਾਂ ਮੇਲਿਆਂ ਵਿਚ ਜਾਇਆ ਕਰਦੇ ਸਨ, ਭਾਵੇਂ ਹੁਣ ਇਨ੍ਹਾਂ ਬੈਲ-ਗੱਡੀਆਂ ਦੀ ਥਾਂ ਟ੍ਰੈਕਟਰਾਂ-ਟਰਾਲੀਆਂ, ਸਕੂਟਰਾਂ, ਮੋਟਰ-ਸਾਈਕਲਾਂ ਤੇ ਕਾਰਾਂ ਨੇ ਲੈ ਲਈ ਹੈ। ਮੇਲਿਆਂ ਵਿਚ ਕਵੀਸ਼ਰਾਂ, ਗਵੱਈਆਂ, ਨਚਾਰਾਂ, ਨਕਲਾਂ ਤੇ ਤਮਾਸ਼ੇ ਕਰਨ ਵਾਲਿਆਂ ਨੇ ਆਪੋ ਆਪਣੇ ਅਖਾੜੇ ਸਜਾਏ ਹੁੰਦੇ ਸਨ ਤੇ ਇਹ 'ਲੋਕ-ਕਲਾਕਾਰ' ਆਏ ਹੋਏ ਲੋਕਾਂ ਦਾ ਭਰਪੂਰ ਮਨੋਰੰਜਨ ਕਰਿਆ ਕਰਦੇ ਸਨ। ਇਥੇ ਰੱਸਾਕਸ਼ੀ, ਗੱਤਕਾ, ਨੇਜ਼ਾਬਾਜ਼ੀ, ਮੂੰਗਲੀਆਂ ਫੇਰਨ, ਮੁਗਦਰ ਚੁੱਕਣ, ਵੀਣੀ ਫੜ੍ਹਨ ਆਦਿ ਦੇ ਮੁਕਾਬਲੇ ਹੁੰਦੇ ਸਨ। ਪਹਿਲਵਾਨਾਂ ਦੇ ਘੋਲ ਤੇ ਕਬੱਡੀ ਦੇ ਮੈਚ ਵੀ ਹੁੰਦੇ ਸਨ। ਹੁਣ ਵੀ ਕਈ ਥਾਈਂ ਇਹ ਨਜ਼ਾਰੇ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਵਿਚ ਪੰਜਾਬ ਦੇ ਅਮੀਰ-ਸੱਭਿਆਚਾਰ ਦੀ ਵਧੀਆ ਝਲਕ ਪੈਂਦੀ ਹੈ। ਗੱਭਰੂ ਢੋਲ ਦੀ ਤਾਲ 'ਤੇ "ਜੱਟਾ ਆਈ ਵਿਸਾਖੀ, ਕਣਕਾਂ ਦੀ ਮੁੱਕ ਗਈ ਰਾਖੀ" ਦੀ ਬੋਲੀ ਤੇ ਹੋਰ ਬੋਲੀਆਂ ਪਾ ਕੇ ਪੰਜਾਬ ਦਾ ਮਸ਼ਹੂਰ ਲੋਕ-ਨਾਚ ਭੰਗੜਾ ਪਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ।

ਵਿਸਾਖੀ ਦੇ ਇਨ੍ਹਾਂ ਮੇਲਿਆਂ ਨੂੰ ਤੱਕ ਕੇ ਹੀ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਇਹ ਬੋਲ ਉਚਾਰੇ ਹਨ ਜੋ ਅੱਜ ਵੀ ਹਰੇਕ ਪੰਜਾਬੀ ਦੀ ਜ਼ਬਾਨ 'ਤੇ ਹਨ:

*"ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,*
*ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।*
*ਮੀਹਾਂ ਦੀ ਉਡੀਕ 'ਚ ਸਿਆੜ ਕੱਢ ਕੇ,*
*(ਕਾਮੇ) ਨੂੰ ਘਰ-ਬਾਹਰ ਦੀ ਰਾਖੀ ਛੱਡ ਕੇ।*
*ਪੱਗ, ਝੱਗਾ, ਚਾਦਰ ਨਵੀਂ ਸਵਾਇ ਕੇ,*
*ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,*
*ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,*
*ਮਾਰਦਾ ਦਮਾਮੇ ਜੱਟ ਮੇਲੇ ਆ ਗਿਆ......।"*

ਮੇਰੇ ਖਿਆਲ ਵਿਚ ਜਦੋਂ ਚਾਤ੍ਰਿਕ ਜੀ ਨੇ ਇਹ ਗੀਤ ਲਿਖਿਆ ਹੈ, ਉਦੋਂ ਕਣਕ ਦੀ ਫਸਲ ਅੱਜ ਨਾਲੋਂ ਬਹੁਤ ਪਹਿਲਾਂ ਪੱਕ ਜਾਂਦੀ ਹੋਵੇਗੀ ਤੇ ਇਸ ਦੀ ਵਾਢੀ ਵਿਸਾਖੀ ਤੋਂ ਪਹਿਲਾਂ ਚੇਤਰ ਮਹੀਨੇ ਵਿਚ ਹੀ ਹਰ ਹਾਲਤ ਵਿਚ ਹੋ ਜਾਂਦੀ ਹੋਵੇਗੀ। ਤਾਂ ਹੀ ਜੱਟ 'ਹਾੜੀ ਵੇਚ-ਵੱਟਣ' ਅਤੇ 'ਲੰਬੜਾਂ-ਸ਼ਾਹਾਂ ਦਾ ਹਿਸਾਬ-ਕਿਤਾਬ ਚੁਕਾਉਣ' ਉਪਰੰਤ ਵਿਹਲਾ ਹੋ ਕੇ ਵਿਸਾਖੀ ਦੇ ਮੇਲੇ 'ਤੇ ਆਉਂਦਾ ਹੋਵੇਗਾ। ਹੁਣ ਸਾਲੋ-ਸਾਲ ਬਦਲ ਰਹੇ ਮੌਸਮ ਕਾਰਨ ਪੰਜਾਬ ਵਿਚ ਕਣਕ ਦੇਰ ਨਾਲ ਪੱਕਣ ਕਰਕੇ ਇਸ ਦੀ ਵਾਢੀ ਕਾਫੀ ਲੇਟ ਹੋ ਜਾਂਦੀ ਹੈ ਤੇ ਇਹ ਆਮ ਤੌਰ 'ਤੇ ਵਿਸਾਖੀ ਤੋਂ ਬਾਦ ਹੀ ਸ਼ੁਰੂ ਹੁੰਦੀ ਹੈ। ਪਰ ਇਹ ਗੀਤ ਜੋ ਇਕ 'ਲੋਕ-ਗੀਤ' ਦਾ ਦਰਜਾ ਅਖ਼ਤਿਆਰ ਕਰ ਚੁੱਕਾ ਹੈ ਅਤੇ ਹਰੇਕ ਮੇਲੇ ਤੇ ਭੰਗੜਾ-ਮੁਕਾਬਲਿਆਂ ਦਾ ਸ਼ਿੰਗਾਰ ਹੁੰਦਾ ਹੈ, ਦੀ ਆਪਣੀ ਹੀ ਇਤਿਹਾਸਕ ਤੇ ਸਭਿਆਚਾਰਕ-ਮਹੱਤਤਾ ਹੈ ਤੇ ਇਹ ਅੱਜ ਦੇ ਸੰਦਰਭ ਵਿਚ ਵੀ ਓਨਾ ਹੀ ਪ੍ਰਸੰਗਕ ਹੈ।

ਇੰਜ, ਸਾਡੇ ਭਾਰਤ ਦੇ ਉੱਤਰੀ-ਖਿੱਤੇ ਵਿਚ ਵਿਸਾਖੀ ਦੇ ਇਸ ਦਿਹਾੜੇ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਦੇ ਨਾਲ ਨਾਲ ਸਮਾਜਿਕ ਤੇ ਸਭਿਆਚਾਰਕ ਤਿਓਹਾਰ ਹੋਣ ਕਰਕੇ ਓਨੀ ਹੀ ਮਹਾਨਤਾ ਹੈ। ਇੱਥੇ ਕੈਨੇਡਾ ਵਿਚ ਵੀ ਵਿਸਾਖੀ ਦਾ ਦਿਹਾੜਾ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਲੋਕ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਜਾ ਕੇ ਨਤ-ਮਸਤਕ ਹੁੰਦੇ ਹਨ ਅਤੇ ਰਾਗੀਆਂ, ਢਾਡੀਆਂ ਅਤੇ ਕਥਾਕਾਰਾਂ ਕੋਲੋਂ ਇਸ ਦਿਨ ਦੀ ਮਹੱਤਤਾ ਬਾਰੇ ਵਿਖਿਆਨ ਸੁਣਦੇ ਹਨ। ਹੁਣ ਤਾਂ ਇਹ ਧਾਰਮਿਕ ਅਤੇ ਸਭਿਆਚਾਰਕ ਤਿਓਹਾਰ ਕੈਨੇਡਾ ਦੀ ਪਾਰਲੀਮੈਂਟ ਵਿਚ ਵੀ ਜਾ ਪਹੁੰਚਾ ਹੈ ਜਿੱਥੇ ਇਸ ਪਵਿੱਤਰ ਦਿਹਾੜੇ ਤੋਂ ਦੋ ਦਿਨ ਪਹਿਲਾਂ ਗੁਰਬਾਣੀ ਦਾ ਅਖੰਡ ਪਾਠ ਆਰੰਭ ਕੀਤਾ ਜਾਂਦਾ ਹੈ ਅਤੇ ਇਸ ਦਾ ਭੋਗ ਵਿਸਾਖੀ ਵਾਲੇ ਦਿਨ ਪਾਇਆ ਜਾਂਦਾ ਹੈ। ਉਪਰੰਤ, ਗੁਰਬਾਣੀ ਦਾ ਕੀਰਤਨ, ਕਥਾ ਅਤੇ ਗੁਰਬਾਣੀ ਵਿਚਾਰ ਸਾਂਝੇ ਕੀਤੇ ਜਾਂਦੇ ਹਨ। ਉਪਰੰਤ, 'ਗੁਰੂ ਕਾ ਲੰਗਰ' ਅਟੁੱਟ ਵਰਤਾਇਆ ਜਾਂਦਾ ਹੈ।

ਵਿਸਾਖੀ ਦਾ ਇਹ ਤਿਉਹਾਰ ਸਾਡੇ ਸਾਂਝੇ-ਸਭਿਆਚਾਰ ਦਾ ਪ੍ਰਤੀਕ ਹੈ ਅਤੇ ਇਹ ਸਾਡੇ ਜੀਵਨ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਅਜਿਹੇ ਤਿਓਹਾਰ ਸਾਨੂੰ ਸਾਰਿਆਂ ਮਿਲ ਕੇ ਸੁਚੱਜੀ ਤੇ ਪਵਿੱਤਰ ਭਾਵਨਾ ਨਾਲ ਮਨਾਉਣੇ ਚਾਹੀਦੇ ਹਨ। ਇਸ ਦਿਨ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਨਹੀਂ ਹੋਣਾ ਚਾਹੀਦਾ, ਸਗੋਂ ਪ੍ਰੀਵਾਰ ਨਾਲ ਮਿਲ ਕੇ ਇਸ ਨੂੰ ਹੱਸ-ਖੇਡ ਕੇ ਖ਼ੁਸ਼ੀਆਂ ਨਾਲ ਮਨਾਇਆ ਜਾਣਾ ਚਾਹੀਦਾ ਹੈ।

# ਵਿਸਾਖੀ ਦਾ ਤਿਉਹਾਰ

ਵਿਸਾਖੀ ਇੱਕੋ-ਇੱਕ ਭਾਰਤੀ ਤਿਉਹਾਰ ਹੈ ਜੋ ਸੂਰਜੀ ਕੈਲੰਡਰ 'ਤੇ ਅਧਾਰਤ ਹੈ। ਇਸ ਦਿਨ, ਧਰਤੀ ਸੂਰਜ ਦੇ ਦੁਆਲੇ ਇੱਕ ਚੱਕਰ ਪੂਰਾ ਕਰ ਲੈਂਦੀ ਹੈ ਅਤੇ ਅਗਲਾ ਚੱਕਰ ਸ਼ੁਰੂ ਕਰਦੀ ਹੈ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਭਾਰਤ ਵਿਚ ਮਹੀਨਿਆਂ ਦੇ ਨਾਂ ਤਾਰਾ ਮੰਡਲ ਦੇ ਆਧਾਰ 'ਤੇ ਰੱਖੇ ਗਏ ਹਨ। ਵਿਸਾਖੀ ਸਮੇਂ ਅਸਮਾਨ ਵਿੱਚ ਵਿਸਾਖ ਨਕਸ਼ਤਰ ਹੁੰਦਾ ਹੈ ਜਿਸ ਕਾਰਨ ਇਸ ਮਹੀਨੇ ਨੂੰ 'ਵਿਸਾਖ' ਕਿਹਾ ਜਾਂਦਾ ਹੈ ਅਤੇ ਵਿਸਾਖ ਮਹੀਨੇ ਦੇ ਪਹਿਲੇ ਦਿਨ ਨੂੰ 'ਵਿਸਾਖੀ' ਦਾ ਨਾਂ ਦਿੱਤਾ ਗਿਆ ਅਤੇ ਇਸ ਨੂੰ ਤਿਉਹਾਰ ਵਜੋਂ ਪ੍ਰਵਾਨ ਕੀਤਾ ਗਿਆ। ਸਕੂਲ ਦਾ ਸੈਸ਼ਨ ਵੀ ਅਪ੍ਰੈਲ ਦੇ ਮਹੀਨੇ ਭਾਵ ਵਿਸਾਖ ਤੋਂ ਸ਼ੁਰੂ ਹੁੰਦਾ ਹੈ। ਵਿਸਾਖੀ ਵਾਲੇ ਦਿਨ ਸੂਰਜ ਮੇਸ਼ ਰਾਸ਼ੀ 'ਚ ਪ੍ਰਵੇਸ਼ ਕਰਦਾ ਹੈ, ਇਸ ਲਈ ਇਸ ਨੂੰ 'ਮੇਸ਼ ਸੰਕ੍ਰਾਂਤੀ' ਵੀ ਕਿਹਾ ਜਾਂਦਾ ਹੈ।

ਵਿਸਾਖੀ ਦੇ ਤਿਉਹਾਰ ਨੂੰ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਅਸਾਮ ਵਿੱਚ ਰੋਂਗਲੀ ਬਿਹੂ, ਓਡੀਸ਼ਾ ਵਿੱਚ ਮਹਾਂ ਵਿਸ਼ਵ ਸੰਕ੍ਰਾਂਤੀ, ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿੱਚ ਪੋਹੇਲਾ ਬੋਸ਼ਾਖ ਜਾਂ ਨਾਬਾ ਬਾਰਸ਼ਾ ਅਤੇ ਆਂਧਰਾ ਪ੍ਰਦੇਸ਼, ਤੇਲੰਗਾਨਾ ਤੇ ਕਰਨਾਟਕ ਵਿੱਚ ਉਗਾਦੀ, ਤੁਲੂ ਲੋਕਾਂ ਵਿੱਚ ਬਿਸੂ, ਕੁਮਾਉਂ, ਉੱਤਰਾਖੰਡ ਵਿੱਚ ਬਿਖੁ ਜਾਂ ਬਿਖੌਤੀ, ਤਾਮਿਲਨਾਡੂ ਵਿੱਚ ਪੁਥੰਡੂ ਅਤੇ ਕੇਰਲ ਵਿੱਚ ਵਿਸੂ ਤਿਓਹਾਰ ਵਜੋਂ ਮਨਾਇਆ ਜਾਂਦਾ ਹੈ।

ਖ਼ੁਸ਼ਹਾਲੀ ਦਾ ਪ੍ਰਤੀਕ, ਵਿਸਾਖੀ ਦਾ ਤਿਉਹਾਰ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਲਈ ਧਾਰਮਿਕ, ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਰੱਖਦਾ ਹੈ। ਖ਼ਾਲਸਾ ਪੰਥ ਦੀ ਸਥਾਪਨਾ ਅਤੇ ਜਲ੍ਹਿਆਂਵਾਲਾ ਬਾਗ ਦਾ ਸਾਕਾ ਵਿਸਾਖੀ ਨਾਲ ਸਬੰਧਤ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਹਨ। ਵਿਸਾਖ ਸੰਵਤ 1756 ਭਾਵ 1699 ਈ: ਵਿਚ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਸਥਿਤ ਕੇਸਗੜ੍ਹ ਵਿਖੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਵਿਸਾਖੀ ਦਾ ਤਿਉਹਾਰ ਪੰਜਾਬ ਦੇ ਪ੍ਰਸਿੱਧ ਗੁਰਦੁਆਰਿਆਂ ਖਾਸ ਕਰਕੇ ਸ੍ਰੀ ਦਮਦਮਾ ਸਾਹਿਬ ਵਿਖੇ ਖ਼ਾਲਸਾ ਪੰਥ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਧਾਰਮਿਕ ਦੀਵਾਨਾਂ ਵਿਚ ਸ਼ਿਰਕਤ ਕਰਦੀਆਂ ਹਨ

ਸੰਨ 1919 ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਭਾਰਤ ਵਿਚ 'ਰੋਲੇਟ ਐਕਟ' ਅਤੇ ਅੰਮ੍ਰਿਤਸਰ ਵਿਚ 'ਮਾਰਸ਼ਲ ਲਾਅ' ਲਾਗੂ ਕਰਨ ਦੇ ਵਿਰੋਧ ਵਿਚ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਨੇੜੇ ਜਲਿਆਂਵਾਲਾ ਬਾਗ ਵਿਚ ਇਕ ਵੱਡਾ ਇਕੱਠ ਕੀਤਾ ਗਿਆ ਸੀ। ਜਨਰਲ ਡਾਇਰ ਨੇ ਇਸ ਬਾਗ ਦੇ ਇਕੋ-ਇਕ ਗੇਟ 'ਤੇ ਕਬਜ਼ਾ ਕਰ ਕੇ ਬਿਨਾਂ ਕੋਈ ਚੇਤਾਵਨੀ ਦਿੱਤੇ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਿਨੌਣੇ ਕਤਲੇਆਮ ਵਿੱਚ ਬਹੁਤ ਸਾਰੇ ਲੋਕਾਂ ਦੀ ਜਾਨ ਚਲੀ ਗਈ।

ਜੇਕਰ ਸੱਭਿਆਚਾਰਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਵਿਸਾਖੀ ਅਸਲ



ਰਤਿਕਾ ਓਬਰਾਏ,
ਆਕਾਸ਼ਵਾਣੀ, ਚੰਡੀਗੜ੍ਹ।

ਵਿੱਚ ਕਿਸਾਨਾਂ ਦਾ ਤਿਉਹਾਰ ਹੈ ਜੋ ਉੱਤਰੀ ਭਾਰਤ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਖੇਤਰ ਦੀ ਮੁੱਖ ਫ਼ਸਲ ਕਣਕ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਹਾੜੀ ਦੀਆਂ ਹੋਰ ਫ਼ਸਲਾਂ ਜਿਵੇਂ ਤੇਲ ਬੀਜ, ਗੰਨੇ ਆਦਿ ਦੀ ਵਾਢੀ ਵੀ ਸ਼ੁਰੂ ਹੋ ਜਾਂਦੀ ਹੈ।

ਕਿਸਾਨਾਂ ਦੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਲੋੜਾਂ ਅਤੇ ਭਾਵਨਾਵਾਂ ਇਸ ਫ਼ਸਲ ਨਾਲ ਜੁੜੀਆਂ ਹੋਈਆਂ ਹਨ। ਜੋਬਨ ਤੇ ਪੁੱਜੀ ਸੁਨਹਿਰੀ ਫ਼ਸਲ ਨਾਲ ਕਿਸਾਨਾਂ ਦੇ ਚਿਹਰੇ 'ਤੇ ਆਈ ਮੁਸਕਾਨ ਦੇਖਣ ਵਾਲੀ ਹੁੰਦੀ ਹੈ। ਭਰਪੂਰ ਫ਼ਸਲ ਦੀ ਪ੍ਰਾਪਤੀ ਕਰਕੇ ਕਿਸਾਨ ਵਿਸਾਖੀ ਦੇ ਤਿਉਹਾਰ ਨੂੰ ਸ਼ੁਕਰਾਨੇ ਵਜੋਂ ਮਨਾਉਂਦੇ ਹਨ। ਮਹੀਨਿਆਂ ਬੱਧੀ ਖੁੱਲ੍ਹੇ ਅਸਮਾਨ ਹੇਠ ਬਦਲਦੇ ਮੌਸਮਾਂ ਦੀ ਮਾਰ ਝੇਲਦੀ ਆਪਣੀ ਫ਼ਸਲ ਦੇ ਜੋਬਨ ਨੂੰ ਦੇਖ ਕੇ ਅਤੇ ਇਸ ਦੀ ਦੇਖ-ਭਾਲ ਦੇ ਕਾਰਜ ਤੋਂ ਮੁਕਤ ਹੋਏ ਕਿਸਾਨ ਦੀ ਹਾਲਤ ਇਹ ਸਤਰਾਂ ਬਾਖ਼ੂਬੀ ਬਿਆਨ ਕਰਦੀਆਂ ਹਨ:-

*"ਓ ਜੱਟਾ ਆਈ ਵਿਸਾਖੀ,*
*ਕਣਕਾਂ ਦੀ ਮੁੱਕ ਗਈ ਰਾਖੀ।"*

ਔਰਤਾਂ, ਮਰਦਾਂ, ਨੌਜਵਾਨਾਂ, ਬੱਚਿਆਂ ਅਤੇ ਬੁਜ਼ੁਰਗਾਂ ਵੱਲੋਂ ਬੈਲ ਗੱਡੀਆਂ, ਟਰੈਕਟਰ-ਟਰਾਲੀਆਂ ਆਦਿ 'ਤੇ ਸਵਾਰ ਹੋ ਕੇ ਵਿਸਾਖੀ ਦਾ ਮੇਲਾ ਦੇਖਣ ਦੀ ਰਵਾਇਤ ਹਰ ਪਾਸੇ ਵੇਖੀ ਜਾ ਸਕਦੀ ਹੈ। ਮੇਲੇ ਵਾਲੀ ਥਾਂ 'ਤੇ ਕਬੱਡੀ, ਦੰਗਲ-ਕੁਸ਼ਤੀ ਅਤੇ ਹੋਰ ਕਈ ਤਰ੍ਹਾਂ ਦੇ ਖੇਡ-ਤਮਾਸ਼ੇ ਦੇਖਣ ਨੂੰ ਮਿਲਦੇ ਹਨ ਅਤੇ ਗਿੱਧੇ ਤੇ ਭੰਗੜੇ ਦੇ ਨਾਲ ਮੇਲੇ ਨੂੰ ਚਾਰ ਚੰਨ ਲੱਗ ਜਾਂਦੇ ਹਨ। ਗੂੰਜਦੇ ਢੋਲ ਦੀ ਆਵਾਜ਼ ਲਗਾਤਾਰ ਧਰਤੀ ਦੇ ਹਰ ਕਣ ਵਿੱਚ ਉਤਸ਼ਾਹ ਅਤੇ ਜੋਸ਼ ਭਰਦੀ ਜਾਪਦੀ ਹੈ।ਇਸ ਦਿਨ ਪਸ਼ੂਆਂ ਦੀਆਂ ਮੰਡੀਆਂ ਵੀ ਲੱਗਦੀਆਂ ਹਨ।



ਵਿਸਾਖੀ ਦਾ ਤਿਉਹਾਰ ਪੰਜਾਬ ਹੀ ਨਹੀਂ ਸਗੋਂ ਪਹਾੜੀ ਇਲਾਕਿਆਂ ਵਿੱਚ ਵੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਕੁਮਾਊਂ, ਗੜ੍ਹਵਾਲ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਇਸ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ। ਪਹਾੜੀ ਲੋਕ ਇਸ ਦਿਨ ਨੂੰ ਮਕਰ ਸੰਕ੍ਰਾਂਤੀ ਵਜੋਂ ਮਨਾਉਂਦੇ ਹਨ। ਇਸ ਦਿਨ ਪਹਾੜੀ ਇਲਾਕਿਆਂ ਵਿਚ ਕੁਝ ਥਾਵਾਂ 'ਤੇ ਵੱਡੇ ਮੇਲੇ ਲੱਗਦੇ ਹਨ। ਇਹ ਮੇਲੇ ਜਿਆਦਾਤਰ ਮਾਤਾ ਦੁਰਗਾ ਦੇ ਮੰਦਿਰਾਂ ਵਿੱਚ ਲੱਗਦੇ ਹਨ। ਪਹਾੜੀ ਖੇਤਰਾਂ ਵਿੱਚ ਦੇਵੀ ਪੂਜਾ ਦਾ ਬਹੁਤ ਮਹੱਤਵ ਹੁੰਦਾ ਹੈ। ਇਸ ਦਿਨ ਲੋਕ ਮੰਦਿਰਾਂ ਵਿਚ ਜਾਕੇ ਦੁਰਗਾ ਮਾਤਾ ਦੀ ਪੂਰੀ ਸ਼ਰਧਾ ਨਾਲ ਪੂਜਾ ਕਰਦੇ ਹਨ। ਇਨ੍ਹਾਂ ਇਲਾਕਿਆਂ ਵਿਚ ਮੇਲਾ ਦੇਖਣ ਦਾ ਆਪਣਾ ਹੀ ਮਜ਼ਾ ਹੈ। ਇਸ ਤਰ੍ਹਾਂ ਪਹਾੜੀ ਖੇਤਰਾਂ ਵਿੱਚ ਇਹ ਤਿਉਹਾਰ ਦੋ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ, ਇੱਕ ਮਕਰ ਸੰਕ੍ਰਾਂਤੀ ਅਤੇ ਦੂਜਾ ਦੇਵੀ ਦੇ ਮੰਦਰਾਂ ਵਿੱਚ ਮੇਲੇ ਦੇ ਰੂਪ ਵਿੱਚ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਡੱਲਾ ਦੇ ਰਹਿਣ ਵਾਲੇ ਭਾਈ ਪਾਰੋ ਪਰਮਹੰਸ ਨੇ ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਹੁਕਮ 'ਤੇ ਵਿਸਾਖੀ ਦਾ ਮੇਲਾ ਲਗਾਉਣ ਦਾ ਆਗਾਜ਼ ਕੀਤਾ ਸੀ। ਕਿਹਾ ਜਾਂਦਾ ਹੈ ਕਿ ਭਗਵਾਨ ਬੁੱਧ ਨੂੰ ਵਿਸਾਖੀ ਵਾਲੇ ਦਿਨ ਬੋਧ ਗਯਾ ਵਿਖੇ ਗਿਆਨ ਪ੍ਰਾਪਤ ਹੋਇਆ ਸੀ ਅਤੇ ਉਹਨਾਂ ਨੇ ਲੋਕਾਂ ਦੀ ਬਿਹਤਰੀ ਲਈ ਇੱਕ ਨਵੇਂ ਸਮਾਜ ਅਤੇ ਇੱਕ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ ਸੀ। ਇਸ ਦਿਨ, ਆਮ ਤੌਰ 'ਤੇ ਪੂਰੇ ਉੱਤਰ ਭਾਰਤ ਵਿਚ ਪਵਿੱਤਰ ਨਦੀਆਂ ਅਤੇ ਝੀਲਾਂ ਵਿਚ ਇਸ਼ਨਾਨ ਕਰਨ ਦੀ ਮਾਨਤਾ ਹੈ। ਚਾਹੇ ਉਹ ਖਾਲਸਾ ਪੰਥ ਦੇ ਪੈਰੋਕਾਰ ਹੋਣ ਜਾਂ ਵੈਸ਼ਨਵ ਧਰਮ ਦੇ, ਸਾਰੇ ਸ਼ਰਧਾਲੂ ਤੜਕੇ ਸਵੇਰੇ ਪਵਿੱਤਰ ਸਰੋਵਰ ਜਾਂ ਨਦੀ ਵਿਚ ਇਸ਼ਨਾਨ ਕਰਨਾ ਪੁੰਨ ਦਾ ਕੰਮ ਸਮਝਦੇ ਹਨ।

ਭਾਰਤ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਤਿਉਹਾਰ ਭਾਰਤੀਆਂ ਨੂੰ ਇੱਕ ਧਾਗੇ ਵਿਚ ਬੰਨ੍ਹ ਕੇ ਰੱਖਦੇ ਹਨ। ਵਿਸਾਖੀ ਦਾ ਤਿਉਹਾਰ ਜਿੱਥੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਰੱਖਦਾ ਹੈ, ਉੱਥੇ ਇਹ ਤਿਉਹਾਰ ਏਕਤਾ, ਧਰਮ ਨਿਰਪੱਖਤਾ ਅਤੇ ਭਾਵਨਾਤਮਕ ਏਕਤਾ ਦਾ ਪ੍ਰਤੀਕ ਹੈ। ਅੱਜ ਦੇ ਮਸ਼ੀਨੀ ਯੁੱਗ ਅਤੇ ਮਸ਼ਰੂਫ਼ੀਅਤ ਭਰੇ ਜੀਵਨ 'ਚੋਂ ਥੋੜ੍ਹਾ ਸਮਾਂ ਕੱਢ ਕੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਯਾਦ ਕਰਨਾ, ਅੰਨ ਦਾਤਿਆਂ ਦਾ ਸ਼ੁਕਰਾਨਾ ਕਰਨਾ ਅਤੇ ਇਤਿਹਾਸ ਤੇ ਸੱਭਿਆਚਾਰ ਦੇ ਰੰਗ ਵਿਚ ਰੰਗ ਕੇ ਮੇਲਿਆਂ ਵਿੱਚ ਹਾਜ਼ਰੀ ਭਰਨਾ ਸਾਡਾ ਫਰਜ਼ ਹੀ ਨਹੀਂ ਸਗੋਂ ਪਹਿਲ ਵੀ ਹੋਣੀ ਚਾਹੀਦੀ ਹੈ।




# ਮੁਫ਼ਤ 300 ਯੂਨਿਟਾਂ ਨਾਲ ਪੰਜਾਬ ਵਿੱਚ ਬਿਜਲੀ ਸਬਸਿਡੀ 22,300 ਕਰੋੜ ਰੁਪਏ ਤਕ ਪੁੱਜ ਜਾਵੇਗੀ



ਜਲੰਧਰ, 14 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਸਾਰੇ ਵਰਗਾਂ ਦੇ ਖਪਤਕਾਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਤੇ ਜੇ ਇਹ ਯੋਜਨਾ ਲਾਗੂ ਹੁੰਦੀ ਹੈ ਤਾਂ ਇਸ ਵਿੱਚ 21 ਲੱਖ ਦੇ ਕਰੀਬ ਹੋਰ ਖਪਤਕਾਰ ਆ ਜਾਣਗੇ, ਜਿਨ੍ਹਾਂ ਨੂੰ ਪਹਿਲਾਂ 200 ਯੂਨਿਟ ਬਿਜਲੀ ਹਰ ਮਹੀਨੇ ਮੁਫ਼ਤ ਮਿਲਦੀ ਹੈ। ਇਨ੍ਹਾਂ ਖਪਤਕਾਰਾਂ ਸਮੇਤ 50 ਲੱਖ ਦੇ ਕਰੀਬ ਖਪਤਕਾਰ300 ਯੂਨਿਟ ਬਿਜਲੀ ਦੀ ਮੁਫ਼ਤ ਸਹੂਲਤ ਦੇ ਹੱਕਦਾਰ ਬਣ ਜਾਣਗੇ। 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਨਾਲ ਰਾਜ ਸਰਕਾਰ ਉੱਤੇ ਸਾਲਾਨਾ 1300 ਕਰੋੜ ਰੁਪਏ ਤੋਂ ਜ਼ਿਆਦਾ ਦਾ ਹੋਰ ਭਾਰ ਪਏਗਾ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਸਾਲ 2022-23 ਵਿੱਚ ਮੁਫ਼ਤ ਬਿਜਲੀ ਸਕੀਮਾਂ ਦੀ ਜਿਹੜੀ ਰਕਮ ਦੀ ਦੇਣੀ ਹੈ, ਉਹ ਰਕਮ 22,300 ਕਰੋੜ ਹੋ ਜਾਵੇਗੀ। ਉਨ੍ਹਾਂ ਵਿੱਚ ਚੰਨੀ ਸਰਕਾਰ ਵੱਲੋਂ ਬਿਜਲੀ ਖਪਤਕਾਰਾਂ ਨੂੰ ਦਿੱਤੀਆਂ ਗਈਆਂ ਰਾਹਤਾਂ ਵਾਲੀ ਰਕਮ ਵੀ ਸ਼ਾਮਲ ਹੈ।300 ਯੂਨਿਟ ਮੁਫ਼ਤ ਬਿਜਲੀ ਦੇਣ ਤੋਂ ਬਿਨਾਂ ਇਹ ਰਕਮ 13,929 ਕਰੋੜ ਬਣੇਗੀ। ਇਸ ਵਿੱਚ ਖੇਤੀ ਵਰਗ ਦੀ ਸਬਸਿਡੀ ਦੀ ਰਕਮ 6,936 ਕਰੋੜ ਰੁਪਏ, ਇਸ ਤੋਂ ਇਲਾਵਾ ਵੱਖ-ਵੱਖ ਘਰੇਲੂ ਸਬਸਿਡੀ ਦੇ 4000 ਕਰੋੜ ਤੇ ਇੰਡਸਟਰੀ ਨੂੰ ਦਿੱਤੀ ਜਾਣ ਵਾਲੀ ਕਰੀਬ 3000 ਕਰੋੜ ਰੁਪਏ ਦੀ ਰਕਮ ਸ਼ਾਮਲ ਹੈ। ਸਾਲ 2021-22 ਦੀ ਬਕਾਇਆ 7,118 ਕਰੋੜ ਰੁਪਏ ਸਬਸਿਡੀ ਦੀ ਰਕਮ ਵੀ ਸਰਕਾਰ ਨੇ ਪਾਵਰਕਾਮ ਨੂੰ ਦੇਣੀ ਹੈ। ਇਸ ਤਰ੍ਹਾਂ ਕੁੱਲ ਰਕਮ 21000 ਕਰੋੜ ਰੁਪਏ ਹੋ ਜਾਵੇਗੀ।

# ਭਾਜਪਾ ਨੇ ਤਨਮਨਜੀਤ ਸਿੰਘ ਢੇਸੀ ਵਿਰੁੱਧ ਮੁਹਿੰਮ ਵਿੱਢੀ

* ਕਿਸਾਨਾਂ ਤੇ ਮਨੁੱਖੀ ਅਧਿਕਾਰਾਂ ਲਈ ਡਟਣ ਕਾਰਨ ਵਿਰੋਧ ਹੁੰਦੈ: ਢੇਸੀ



ਜਲੰਧਰ, 14 ਅਪ੍ਰੈਲ (ਪੋਸਟ ਬਿਊਰੋ)- ਕਿਸਾਨੀ ਅੰਦੋਲਨ ਦੇ ਹੱਕ ਵਿੱਚ ਮੋਦੀ ਸਰਕਾਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਮਾਮਲੇ ਨੂੰ ਕੌਮਾਂਤਰੀ ਪੱਧਰ ਉੱਤੇ ਉਠਾਉਣ ਵਾਲੇ ਇੰਗਲੈਂਡ ਦੇ ਐਮ ਪੀ ਤਨਮਨਜੀਤ ਸਿੰਘ ਢੇਸੀ ਨੂੰ ਇੱਕ ਪਾਸੇ ਕਿਸਾਨ ਜਥੇਬੰਦੀਆਂ ਨੇ ਕੱਲ੍ਹ ਸਨਮਾਨਤ ਕੀਤਾ ਅਤੇ ਦੂਜੇ ਪਾਸੇ ਭਾਜਪਾ ਨੇ ਢੇਸੀ ਵਿਰੁੱਧ ਪ੍ਰਚਾਰ ਮੁਹਿੰਮ ਵਿੱਢ ਕੇ ਉਸ ਨੂੰ ਖਾਲਿਸਤਾਨ ਪੱਖੀ ਆਖਿਆ ਹੈ। ਭਾਜਪਾ ਦੇ ਸੂਬਾਈ ਆਗੂ ਸੁਭਾਸ਼ ਸ਼ਰਮਾ ਢੇਸੀ ਵਿਰੁੱਧ ਪਹਿਲਾਂ ਵੀ ਬਿਆਨਬਾਜ਼ੀ ਕਰ ਚੁੱਕੇ ਹਨ ਅਤੇ ਢੇਸੀ ਦਾ ਓ ਸੀ ਆਈ ਕਾਰਡ ਰੱਦ ਕਰਨ ਤੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਉਣ ਵਾਲਾ ਇੱਕ ਮੰਗ ਪੱਤਰ ਕੱਲ੍ਹ ਡਿਪਟੀ ਕਮਿਸ਼ਨਰ ਜਲੰਧਰ ਨੂੰ ਦਿੱਤਾ ਗਿਆ ਹੈ। ਅਜਿਹੀ ਇੱਕ ਸ਼ਿਕਾਇਤ ਇੰਟਰਨੈਸ਼ਨਲ ਐਂਟੀ ਖਾਲਿਸਤਾਨੀ ਖਾੜਕੂ ਫਰੰਟ ਨੇ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਨੂੰ ਵੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਢੇਸੀ ਨੇ ਪਹਿਲੇ ਦਿਨੋਂ ਹੀ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ ਸੀ। ਇਸ ਬਾਰੇ ਢੇਸੀ ਨੇ ਬ੍ਰਿਟੇਨ ਦੇ ਸੌ ਤੋਂ ਵੱਧ ਐਮ ਪੀਜ਼ ਦੇ ਦਸਤਖਤਾਂ ਵਾਲਾ ਮੰਗ ਪੱਤਰ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਸੌਂਪ ਕੇ ਅਪੀਲ ਕੀਤੀ ਸੀ ਕਿ ਜਦੋਂ ਉਹ ਭਾਰਤ ਜਾਣ ਤਾਂ ਨਰਿੰਦਰ ਮੋਦੀ ਕੋਲ ਕਿਸਾਨਾਂ ਦੀਆਂ ਮੰਗਾਂ ਦਾ ਮੁੱਦਾ ਵੀ ਚੁੱਕਣ।ਐਡਵੋਕੇਟ ਅਸ਼ੋਕ ਸਰੀਨ ਹਿੱਕੀ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਦਿੱਤੀ ਸ਼ਿਕਾਇਤ ਵਿੱਚ ਸਿੱਖਸ ਫਾਰ ਇਕੁਐਲਿਟੀ ਫਾਊਂਡੇਸ਼ਨ ਅਤੇ ਅਲਾਇੰਸ ਆਫ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਫਗਵਾੜਾ ਵਿੱਚ ਕੀਤੀ ਜਾ ਰਹੀ ਕੌਮਾਂਤਰੀ ਸਿੱਖ ਯੂਥ ਕਾਨਫਰੰਸ ਦਾ ਜ਼ਿਕਰ ਕੀਤਾ ਹੈ। ਇਸ ਵਿੱਚ ਤਨਮਨਜੀਤ ਸਿੰਘ ਅਤੇ ਹੋਰ ਸਿੱਖ ਸ਼ਖਸੀਅਤਾਂ ਸ਼ਾਮਲ ਹੋ ਰਹੀਆਂ ਹਨ। ਇਸ ਸਬੰਧ ਵਿੱਚ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਉਹ ਹਮੇਸ਼ਾ ਹੀ ਕਿਸਾਨਾਂ ਦੇ ਹੱਕ ਵਿੱਚ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵਿਰੁੱਧ ਆਵਾਜ਼ ਚੁੱਕਦੇ ਆਏ ਹਨ, ਜਿਸ ਕਾਰਨ ਅੱਜ ਉਨ੍ਹਾਂ ਖਿਲਾਫ ਕੋਝੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਦੇ ਬਿਆਨ ਵਿੱਚ ਇਹ ਵੀ ਸ਼ਾਮਲ ਹੈ ਕਿ ਉਨ੍ਹਾਂ ਲੰਡਨ ਵਿੱਚ 2020 ਦੀ ਰੈਲੀ ਵਿੱਚ ਭਾਰਤ ਵਿਰੋਧੀ ਭਾਸ਼ਣ ਦਿੱਤਾ ਸੀ, ਜਦ ਕਿ ਉਹ ਕਦੇ ਅਜਿਹੀ ਕਿਸੇ ਰੈਲੀ ਵਿੱਚ ਸ਼ਾਮਲ ਨਹੀਂ ਹੋਏ। ਪਾਕਿਸਤਾਨ ਵਿੱਚ ਵੀ ਕੁਝ ਅਜਿਹੇ ਲੋਕ ਇਹ ਪ੍ਰਚਾਰ ਕਰਨ ਵਿੱਚ ਲੱਗੇ ਹਨ ਕਿ ਤਨਮਨਜੀਤ ਸਿੰਘ ਢੇਸੀ ਭਾਰਤੀ ਪੱਖੀ ਹਨ।ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਕੁਝ ਅਜਿਹੇ ਲੋਕ ਹਨ, ਜੋ ਉਨ੍ਹਾਂ ਬਾਰੇ ਝੂਠ ਤੇ ਗਲਤ ਪ੍ਰਚਾਰ ਕਰਦੇ ਰਹਿੰਦੇ ਹਨ।

# ਰਜ਼ੀਆ ਸੁਲਤਾਨਾ ਨੂੰ ਨੋਟਿਸ, ਇੱਕ ਫਰਿੱਜ, ਤਿੰਨ ਐਲ ਈ ਡੀ ਅਤੇ ਤਿੰਨ ਹੀਟਰ ਵਾਪਸ ਕਰਨ ਲਈ ਕਿਹਾ ਗਿਆ



ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਲੋਕ ਨਿਰਮਾਣ ਵਿਭਾਗ ਨੇ ਪੰਜਾਬ ਦੀ ਸਾਬਕਾ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਨੂੰ ਸਰਕਾਰੀ ਸਾਮਾਨ ਇਸ ਵਿਭਾਗ ਨੂੰ ਸਪੁਰਦ ਕਰਨ ਦਾ ਨੋਟਿਸ ਭੇਜਿਆ ਹੈ।

ਇਸ ਸੰਬੰਧ ਵਿੱਚ ਵਿਭਾਗ ਵੱਲੋਂ ਸੱਤ ਅਪ੍ਰੈਲ ਨੂੰ ਸਾਬਕਾ ਮੰਤਰੀ ਨੂੰ ਜਾਰੀ ਕੀਤੇ ਨੋਟਿਸ ਵਿੱਚ ਇੱਕ ਫਰਿਜ, ਤਿੰਨ ਐਲ ਈ ਡੀ, ਟੀ ਵੀ ਅਤੇ ਤਿੰਨ ਰੇਡੀਏਟਰ ਹੀਟਰ ਮੋੜਨ ਨੂੰ ਕਿਹਾ ਗਿਆ ਹੈ। ਵਿਭਾਗ ਨੇ ਇਸ ਸਾਰੇ ਸਾਮਾਨ ਦੀ ਕੀਮਤ 5,66,950 ਰੁਪਏ ਦੱਸੀ ਹੈ।ਵਰਨਣ ਯੋਗ ਹੈ ਕਿ ਰਜ਼ੀਆ ਤੋਂ ਪਹਿਲਾਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੂੰ ਵਿਭਾਗ ਨੇ ਸਾਮਾਨ ਵਾਪਸ ਕਰਨ ਲਈ ਨੋਟਿਸ ਭੇਜਿਆ ਸੀ। ਅਖਬਾਰਾਂ ਵਿੱਚ ਖਬਰਾਂ ਛਪਣ ਪਿੱਛੋਂ ਮਨਪ੍ਰੀਤ ਨੇ ਸਾਮਾਨ ਦੀ ਬਣਦੀ ਰਾਸ਼ੀ ਵਿਭਾਗ ਕੋਲ ਜਮ੍ਹਾ ਕਰਾਉਣ ਦੀ ਗੱਲ ਕੀਤੀ ਸੀ। ਨਿਯਮਾਂ ਮੁਤਾਬਕ ਸੂਬੇ ਦੇ ਹਰ ਕੈਬਨਿਟ ਮੰਤਰੀ ਨੂੰ ਸਰਕਾਰ ਵੱਲੋਂ ਕੋਠੀ ਤੇ ਕੋਠੀ ਵਿੱਚ ਹੋਰ ਜ਼ਰੂਰੀ ਸਾਮਾਨ ਦਿੱਤਾ ਜਾਂਦਾ ਹੈ। ਮੰਤਰੀ ਵੱਲੋਂ ਕੋਠੀ ਖਾਲੀ ਕਰਨ ਉੱਤੇ ਵੱਖ-ਵੱਖ ਵਿਭਾਗਾਂ ਦਾ ਸਾਮਾਨ ਵਾਪਸ ਜਮ੍ਹਾ ਕਰਵਾਉਣਾ ਹੁੰਦਾ ਹੈ।ਪੰਜਾਬ ਲੋਕ ਨਿਰਮਾਣ ਵਿਭਾਗ (ਬਿਜਲੀ ਵਿੰਗ) ਨੇ ਸਾਬਕਾ ਮੰਤਰੀ ਰਜ਼ੀਆ ਸੁਲਤਾਨਾ ਨੂੰ ਸਰਕਾਰੀ ਸਾਮਾਨ, ਜਿਸ ਵਿੱਚ 670 ਲੀਟਰ ਦਾ ਇੱਕ ਫਰਿੱਜ (ਕੀਮਤ 86,550 ਰੁਪਏ), ਤਿੰਨ ਐਲ ਈ ਡੀ (123 ਸੈਂਟੀਮੀਟਰ 1,42,940 ਰੁਪਏ) ਤਿੰਨ ਆਇਲ ਫਿਲਡ ਰੇਡੀਏਟਰ ਹੀਟਰ (ਕੀਮਤ 17,160 ਪ੍ਰਤੀ ਹੀਟਰ), ਕੁੱਲ 51,480 ਰੁਪਏ ਸਿਵਲ ਸੈਕਟਰੀਏਟ ਵਿਚਲੇ ਸਟੋਰ ਵਿੱਚ ਜਮ੍ਹਾਂ ਕਰਵਾਉਣ ਜਾਂ ਸਾਮਾਨ ਦਾ ਕੁੱਲ ਮੁੱਲ 5,66,950 ਰੁਪਏ ਚੈਕ, ਡੀ ਡੀ ਰਾਹੀਂ ਵਿਭਾਗ ਕੋਲ ਜਮ੍ਹਾ ਕਰਵਾਉਣ ਨੂੰ ਕਿਹਾ ਹੈ। ਸਾਬਕਾ ਮੰਤਰੀ ਰਜ਼ੀਆ ਸੁਲਤਾਨਾ ਨੇ ਕਿਹਾ ਕਿ ਫਰਿੱਜ ਮਾਲੇਰਕੋਟਲਾ ਵਾਲੇ ਘਰ ਹੈ ਅਤੇ ਉਨ੍ਹਾਂ ਵਿਭਾਗ ਨੂੰ ਸਾਮਾਨ ਲੈ ਜਾਣ ਨੂੰ ਕਹਿ ਦਿੱਤਾ ਹੈ। ਵਿਭਾਗ ਦੇ ਅਧਿਕਾਰੀ ਉਸ ਨੂੰ ਸਾਮਾਨ ਛੱਡ ਕੇ ਜਾਣ ਨੂੰ ਕਹਿੰਦੇ ਹਨ, ਪਰ ਉਨ੍ਹਾਂ ਲਿਖਤੀ ਰੂਪ ਵਿੱਚ ਵਿਭਾਗ ਨੂੰ ਸਾਮਾਨ ਲੈ ਕੇ ਜਾਣ ਲਈ ਕਹਿ ਦਿੱਤਾ ਹੈ।


# ਜਨਤਕ ਇਸ਼ਤਿਹਾਰਾਂ ਤੋਂ ਬਿਨਾਂ ਰੱਖੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਹੋਣ ਦਾ ਹੱਕ ਨਹੀਂ: ਹਾਈ ਕੋਰਟ




ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਬਿਨਾਂ ਕਿਸੇ ਇਸ਼ਤਿਹਾਰ ਦੇ ਠੇਕੇ ਉੱਤੇਰੱਖੇ ਗਏ ਕਰਮਚਾਰੀਆਂ ਅਤੇ ਭਾਰਤੀ ਸੰਵਿਧਾਨ ਦੇ ਆਰਟੀਕਲ 14 ਅਤੇ 16 ਦੇ ਪ੍ਰਬੰਧਾਂ ਦੇ ਉਲਟ ਰੱਖੇ ਕਰਮਚਾਰੀਆਂ ਨੂੰ ਰੈਗੂਲਰ ਨਹੀਂ ਕੀਤਾ ਜਾ ਸਕਦਾ।

ਹਾਈ ਕੋਰਟ ਦੇ ਇਸ ਫ਼ੈਸਲੇ ਨਾਲ ਪੰਜਾਬ ਸਰਕਾਰ ਹੋਰ ਕਸੂਤੀ ਫਸਦੀ ਜਾਪਦੀ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ 35 ਹਜ਼ਾਰ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ, ਪਰ ਕੱਚੇ ਮੁਲਾਜ਼ਮਾਂ ਬਾਰੇ ਹਾਈ ਕੋਰਟ ਦਾ ਇਹ ਫ਼ੈਸਲਾ ਆ ਗਿਆ ਹੈ। ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਦੀ ਬੈਂਚ ਨੇ ਪਟੀਸ਼ਨਰ ਦੀਅਰਜ਼ੀ ਰੱਦ ਕਰ ਦਿੱਤਾ ਜਿਸ ਨੂੰ ਸਰਕਾਰ ਨੇ ਤਿੰਨ ਮਹੀਨਿਆਂ ਲਈ ਡਰਾਈਵਰ ਵਜੋਂ ਨਿਯੁਕਤ ਕੀਤਾ ਸੀ। ਉਸ ਦੀਆਂ ਸੇਵਾਵਾਂ ਬਾਅਦ ਵਿੱਚ ਵਧਾ ਦਿੱਤੀਆਂ ਗਈਆਂ ਸਨ, ਪਰ ਫਿਰ ਸੇਵਾਵਾਂ ਨੂੰ ਇੱਕ ਆਦੇਸ਼ ਨਾਲ ਰੱਦ ਕਰ ਦਿੱਤਾ ਗਿਆ ਸੀ ਜਿਸ ਨੂੰ ਪਟੀਸ਼ਨਰ ਵੱਲੋਂ ਚੁਣੌਤੀ ਦਿੱਤੀ ਗਈ ਸੀ ਕਿ ਉਸ ਨੂੰ ਸੁਣਵਾਈ ਦਾ ਮੌਕੇ ਦਿੱਤੇ ਬਿਨਾਂ ਕੱਢ ਦਿੱਤਾ ਗਿਆ ਸੀ।ਸਾਰੀਆਂ ਧਿਰਾਂ ਦੀਆਂ ਆਪੋ ਵਿਰੋਧੀ ਦਲੀਲਾਂ ਸੁਣਨ ਤੋਂ ਬਾਅਦ ਬੈਂਚ ਇਸ ਸਿੱਟੇ ਉੱਤੇ ਪਹੁੰਚੀ ਕਿ ਪਟੀਸ਼ਨ ਦੀ ਨਿਯੁਕਤੀ ਸਿਰਫ਼ ਇਕਰਾਰਨਾਮੇ ਦੇ ਆਧਾਰ ਉੱਤੇ ਕੀਤੀ ਗਈ ਸੀ ਕਿਉਂਕਿ ਰਿਕਾਰਡ ਉੱਤੇ ਅਜਿਹਾ ਕੁਝ ਨਹੀਂ, ਜੋ ਕਿਸੇ ਇਸ਼ਤਿਹਾਰ ਦੇ ਪ੍ਰਤੀ ਜਾਂ ਨਿਯਮਾਂ ਅਨੁਸਾਰ ਉਸਦੀ ਨਿਯੁਕਤੀ ਨੂੰ ਸਾਬਤ ਕਰ ਸਕਦਾ ਹੈ।

# ਲਾਹੌਰ ਹਾਈ ਕੋਰਟ ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ



ਅੰਮ੍ਰਿਤਸਰ, 14 ਅਪ੍ਰੈਲ (ਪੋਸਟ ਬਿਊਰੋ)- ਲਾਹੌਰ ਹਾਈ ਕੋਰਟਦੀ ਕੱਲ੍ਹ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਸੰਸਥਾ ਵੱਲੋਂ ਚੇਅਰਮੈਨ ਵਕੀਲ ਇਮਤਿਆਜ਼ ਰਾਸ਼ਿਦ ਕੁਰੈਸ਼ੀ ਦੀ ਅਗਵਾਈ ਹੇਠ ਜਲ੍ਹਿਆਂਵਾਲਾ ਬਾਗ਼ ਸਾਕੇ ਦਾ ਸ਼ਹੀਦੀ ਦਿਨ ਮਨਾਉਂਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਕੀਲ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਉਸ ਕਤਲੇਆਮ ਲਈ ਬ੍ਰਿਟੇਨ ਸਰਕਾਰ ਨੂੰ ਮੁਆਫ਼ੀ ਮੰਗਣ ਲਈ ਕਿਹਾ।

ਇਸ ਦੌਰਾਨ ਹਾਜ਼ਰ ਵਕੀਲਾਂ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਲਈ ਬ੍ਰਿਟੇਨ ਨੂੰ ਭਾਰਤ ਤੇ ਪਾਕਿਸਤਾਨ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਇਸ ਦੇ ਇਲਾਵਾ ਉਨ੍ਹਾਂ ਪਾਕਿਸਤਾਨ ਸਰਕਾਰ ਤੋਂ ਜਲ੍ਹਿਆਂਵਾਲਾ ਵਾਲਾ ਬਾਗ਼ ਸਾਕੇ ਨੂੰ ਸਮਰਪਿਤ ਡਾਕ ਟਿਕਟ ਜਾਰੀ ਕਰਨ ਅਤੇ ਪਾਕਿਸਤਾਨ ਦੇ ਲਾਹੌਰ, ਰਾਵਲਪਿੰਡੀ, ਫੈਸਲਾਬਾਦ, ਇਸਲਾਮਾ-ਬਾਦ ਤੇ ਹੋਰ ਪ੍ਰਮੁੱਖ ਸ਼ਹਿਰਾਂ ਵਿੱਚ ਇੱਕ-ਇੱਕ ਸੜਕ ਦਾ ਨਾਂਅ ਜਲ੍ਹਿਆਂਵਾਲਾ ਵਾਲਾ ਬਾਗ਼ ਸਾਕੇ ਨਾ ਸਬੰਧਤ ਰੱਖਣ ਦੇ ਲਈ ਅਪੀਲ ਕੀਤੀ। ਇਸ ਮੌਕੇ ਡਾ. ਸ਼ਾਹਿਦ ਨਸੀਰ, ਜ਼ਲੀਲ ਅਹਿਮਦ ਓਠੀ, ਸਈਦ ਸ਼ਮਸ਼ਾਦ ਹੁਸੈਨ ਸ਼ਾਹ, ਨਸਰੀਮ ਖਟਕ, ਚੌਧਰੀ ਜ਼ੁਬੈਰ ਫ਼ਾਰੂਕ, ਸਲਮਾਨ ਹਮੀਦ ਖੋਖਰ ਨੇ ਮੋਮਬਤੀਆਂ ਜਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪਾਕਿ-ਸਤਾਨ ਸਰਕਾਰ ਤੋਂ ਸਕੂਲਾਂਦੀਆਂ ਪੁਸਤਕਾਂ ਵਿੱਚ ਉਸ ਸ਼ਹੀਦੀ ਸਾਕੇ ਦੀ ਜਾਣਕਾਰੀ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ।





### ਆਈ ਐਨ ਐਸ ਵਿਕਰਾਂਤ ਕੇਸ:

## ਭਾਜਪਾ ਆਗੂ ਸੋਮੱਈਆ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ

ਮੁੰਬਈ, 14 ਅਪ੍ਰੈਲ (ਪੋਸਟ ਬਿਊਰੋ)- ਇੱਥੋਂ ਦੀ ਅਦਾਲਤ ਨੇ ਆਈ ਐਨ ਐਸ ਵਿਕਰਾਂਤ ਏਅਰਕਰਾਫਟ ਕੈਰੀਅਰ ਘੋਟਾਲੇ ਵਿੱਚ ਘਿਰੇ ਭਾਜਪਾ ਆਗੂ ਕਿਰਟ ਸੋਮੱਈਆ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਭਾਜਪਾ ਆਗੂ ਉੱਤੇ ਸੇਵਾਮੁਕਤ ਹੋ ਚੁੱਕੇ ਸਮੁੰਦਰੀ ਜਹਾਜ਼ ਨੂੰ ਬਹਾਲ ਕਰਵਾਉਣ ਦੇ ਨਾਂਅ ਉੱਤੇ 57 ਕਰੋੜ ਰੁਪਏ ਤੋਂ ਵੱਧ ਇਕੱਠੇ ਕਰਨ ਦੇ ਦੋਸ਼ ਲੱਗੇ ਹਨ। ਪੁਲਸ ਨੇ ਇਸ ਬਾਰੇ ਸਾਬਕਾ ਪਾਰਲੀਮੈਂਟ ਮੈਂਬਰ ਤੇ ਉਸ ਦੇ ਪੁੱਤਰ ਨੀਲ ਨੂੰ ਨਾਮਜ਼ਦ ਕੀਤਾ ਸੀ। ਇਸ ਮਾਮਲੇ ਵਿੱਚ ਗ੍ਰਿਫਤਾਰੀ ਦੇ ਡਰੋਂ ਦੋਵੇਂ ਪਿਓ-ਪੁੱਤਰ ਨੇ ਅਗਾਊਂ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ, ਪਰ ਜੱਜ ਨੇ ਇਹ ਕਹਿ ਕੇ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਕਿ ਕਿਰਟਸੋਮੱਈਆ ਦੀਆਂ ਵਿਕਰਾਂਤ ਬੇੜੇ ਨੂੰ ਮੁੜ ਤੋਂ ਸੇਵਾ ਵਿੱਚ ਲਿਆਉਣ ਦੇ ਨਾਂਅ ਉੱਤੇ ਪੈਸੇ ਇਕੱਠੇ ਕਰਨ ਦੀਆਂ ਤਸਵੀਰਾਂ ਜਨਤਕ ਹੋਈਆਂ ਹਨ। ਉਸ ਨੇ ਇਸ ਜਹਾਜ਼ ਨੂੰ ਮੁੜ ਸੇਵਾ ਵਿੱਚ ਲਿਆਉਣ ਦੇ ਨਾਂਅ ਉੱਤੇ ਪੈਸੇ ਇਕੱਠੇ ਕੀਤੇ, ਪਰ ਉਹ ਪੈਸੇ ਰਾਜ ਸਰਕਾਰ ਕੋਲ ਜਮ੍ਹਾਂ ਨਹੀਂ ਕਰਵਾਏ। ਅਦਾਲਤ ਨੇ ਕੱਲ੍ਹ ਕਿਰਟਨੂੰ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ।ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਦਾਅਵਾ ਕੀਤਾ ਕਿ ਭਾਜਪਾ ਆਗੂ ਕਿਰਟਸੋਮੱਈਆ ਅਤੇ ਉਸ ਦੇ ਪੁੱਤਰ ਨੀਲ ਸੋਮੱਈਆ ਨੇ ਸੇਵਾ ਤੋਂ ਹਟਾਏ ਗਏ ਏਅਰਕਰਾਫਟ ਕੈਰੀਅਰ ਵਿਕਰਾਂਤ ਨੂੰ ਬਚਾਉਣ ਦੇ ਬਹਾਨੇ ਘਪਲਾ ਕੀਤਾ ਹੈ ਤੇ ਇਹ ਦੋਵੇਂ ਦੇਸ਼ ਛੱਡ ਕੇ ਭੱਜ ਸਕਦੇ ਹਨ। ਇਸ ਕਰ ਕੇ ਉਨ੍ਹਾਂ ਖਿਲਾਫ ਲੁਕਆਊਟ ਨੋਟਿਸ ਜਾਰੀ ਹੋਣਾ ਚਾਹੀਦਾ ਹੈ।

## ਕੇਜਰੀਵਾਲ ਦੇ ਘਰ ਅੱਗੇ ਭੰਨ-ਤੋੜ ਦੇ ਦੋਸ਼ੀਆਂ ਨੂੰ ਜ਼ਮਾਨਤ ਮਿਲੀ

ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਅੱਗੇ ਪਿਛਲੇ ਮਹੀਨੇ ਹੋਈ ਭੰਨ-ਤੋੜ ਅਤੇ ਪ੍ਰਦਰਸ਼ਨ ਕਰਨ ਦੇ ਕੇਸ ਵਿੱਚ ਅੱਠ ਲੋਕਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀ 14 ਦਿਨਾਂ ਤੋਂ ਹਿਰਾਸਤ ਵਿੱਚ ਹਨ ਅਤੇ ਅੱਜ ਤਕ ਇਕੱਠੇ ਕੀਤੇ ਸਬੂਤ ਇਸ ਤਰ੍ਹਾਂ ਦੇ ਹਨ ਕਿ ਦੋਸ਼ੀ ਇਸ ਨਾਲ ਛੇੜਛਾੜ ਨਹੀਂ ਕਰ ਸਕਦੇ। ਅਦਾਲਤ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਉਚਿਤ ਜਾਂਚ ਲਈ ਦੋਸ਼ੀਆਂ ਨੂੰ ਨਿਆਂਇਕ ਹਿਰਾਸਤ ਵਿੱਚ ਰੱਖਿਆ ਜਾਣਾ ਜ਼ਰੂਰੀ ਨਹੀਂ ਹੈ।



ਜਸਟਿਸ ਆਸ਼ਾ ਮੈਨਨ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਤਸਵੀਰਾਂ ਵਿੱਚ ਜਿਨ੍ਹਾਂ ਲੋਕਾਂ ਦੀ ਪਛਾਣ ਕੀਤੀ ਗਈ ਹੈ, ਉਨ੍ਹਾਂ ਨੂੰ ਸਜ਼ਾ ਜਾਬਤਾ ਦੀ ਧਾਰਾ-41 ਦੇ ਨੋਟਿਸ ਜਾਰੀ ਕੀਤੇ ਗਏ ਹਨ ਤੇ ਉਹ ਜਾਂਚ ਵਿੱਚ ਸਹਿਯੋਗ ਵੀ ਕਰ ਰਹੇ ਹਨ। ਇਸ ਕੇਸ ਵਿੱਚ ਅੱਠ ਦੋਸ਼ੀਆਂ ਨੇ ਰਾਹਤ ਦੀ ਮੰਗ ਕਰਦਿਆਂ ਹਾਈ ਕੋਰਟ ਨੂੰ ਪਹੁੰਚ ਕੀਤੀ ਸੀ, ਕਿਉਂਕਿ ਹੇਠਲੀ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਪਟੀਸ਼ਨਾਂ ਰੱਦ ਕਰ ਦਿੱਤੀਆਂ ਸਨ। ਇਨ੍ਹਾਂ ਸਾਰੇ ਦੋਸ਼ੀਆਂ ਨੂੰ 31 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਬੀਤੀ 30 ਮਾਰਚ ਨੂੰ ਭਾਜਪਾ ਯੁਵਾ ਮੋਰਚਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਦੇ ਬਾਹਰ ਪ੍ਰਦਰਸ਼ਨ ਅਤੇ ਭੰਨ-ਤੋੜ ਕੀਤੀ ਸੀ। ਭਾਜਪਾ ਨੇ ਦੋਸ਼ ਲਾਇਆ ਸੀ ਕਿ ਕੇਜਰੀਵਾਲ ਨੇ ਕਸ਼ਮੀਰੀ ਪੰਡਤਾਂ ਦੇ ਬਲੀਦਾਨ ਦਾ ਅਪਮਾਨ ਕੀਤਾ ਹੈ। ਇਸ ਕੇਸ ਵਿੱਚ ਅਦਾਲਤ ਨੇ ਜ਼ਮਾਨਤਾਂ ਮਨਜ਼ੂਰੀ ਕੀਤੀਆਂ ਹਨ।

### ਲਸ਼ਕਰ-ਏ-ਇਸਲਾਮ ਦੀ ਧਮਕੀ

## ਕਸ਼ਮੀਰੀ ਹਿੰਦੂ ਘਾਟੀ ਛੱਡ ਜਾਣ ਜਾਂ ਮਰਨ ਲਈ ਤਿਆਰ ਰਹਿਣ

ਸ੍ਰੀਨਗਰ, 14 ਅਪ੍ਰੈਲ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਲਸ਼ਕਰ-ਏ-ਇਸਲਾਮ ਨੇ ਕਸ਼ਮੀਰ ਵਾਦੀ ਵਿੱਚ ਰਹਿੰਦੇ ਹਿੰਦੂਆਂ ਨੂੰ ਕਸ਼ਮੀਰ ਛੱਡਣ ਦਾ ਹੁਕਮ ਕਰ ਦਿਤਾ ਹੈ। ਇਹ ਧਮਕੀ ਇੱਕ ਚਿੱਠੀ ਰਾਹੀਂ ਉਤਰੀ ਕਸ਼ਮੀਰ ਦੇ ਬਾਰਾਮੂਲਾ, ਵੀਰਵਨ ਵਿੱਚ ਰਹਿਣ ਵਾਲੇ ਕਸ਼ਮੀਰੀ ਹਿੰਦੂਆਂ ਨੂੰ ਦਿੱਤੀ ਗਈ ਹੈ।

ਪੁਲਸ ਨੇ ਇਸ ਸਿਲਸਿਲੇ ਵਿੱਚ ਕੇਸ ਦਰਜ ਕਰ ਕੇ ਛਾਣਬੀਣ ਸ਼ੁਰੂ ਕਰ ਦਿੱਤੀ ਹੈ, ਪਰ ਇਸ ਨਾਲ ਵਾਦੀ ਵਿੱਚ ਰਹਿੰਦੀਆਂ ਘੱਟ-ਗਿਣਤੀਆਂ ਦੇ ਲੋਕਾਂ ਵਿੱਚ ਡਰ ਅਤੇ ਅਸੁਰੱਖਿਆ ਵਰਗੀ ਭਾਵਨਾ ਪੈਦਾ ਹੋ ਗਈ ਹੈ।ਲਸ਼ਕਰ-ਏ-ਇਸਲਾਮ ਨੇ ਅਗਸਤ 2016 ਵਿੱਚ ਕੁਲਗਾਮ ਵਿੱਚ ਰਹਿੰਦੇ ਕਸ਼ਮੀਰੀ ਹਿੰਦੂਆਂ ਨੂੰ ਵੀ ਇਸੇ ਤਰ੍ਹਾਂ ਦੀ ਧਮਕੀ ਦਿੱਤੀ ਸੀ। ਵੀਰਵਨ, ਬਾਰਾਮੂਲਾ ਕਾਲੋਨੀ ਵਿੱਚ ਰਹਿਣ ਵਾਲੇ ਇੱਕ ਕਸ਼ਮੀਰੀ ਹਿੰਦੂ ਨੇ ਦੱਸਿਆ ਕਿ ਲਸ਼ਕਰ-ਏ-ਇਸਲਾਮ ਨਾਮਕ ਅੱਤਵਾਦੀ ਸੰਗਠਨ ਦੀ ਧਮਕੀ ਚਿੱਠੀ ਕੱਲ੍ਹ ਸ਼ਾਮ ਡਾਕ ਰਾਹੀਂ ਆਈ ਹੈ। ਇਹ ਚਿੱਠੀ ਕਾਲੋਨੀ ਦੇ ਗੇਟ ਉੱਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਨੇ ਲਈ ਅਤੇ ਜਦੋਂ ਇਸ ਨੂੰ ਖੋਲ੍ਹਿਆ ਤਾਂ ਅੰਦਰ ਲਸ਼ਕਰ-ਏ-ਇਸਲਾਮ ਨਾਮਕ ਸੰਗਠਨ ਦਾ



ਫਰਮਾਨ ਪੜਨ ਨੂੰ ਮਿਲਿਆ। ਇਸ ਨਾਲ ਪੂਰੀ ਕਾਲੋਨੀ ਵਿੱਚ ਦਹਿਸ਼ਤ ਫੈਲ ਗਈ। ਉਨ੍ਹਾਂ ਕਿਹਾ ਕਿ ਜਦੋਂ ਇਸ ਚਿੱਠੀ ਦੀ ਖ਼ਬਰ ਫੈਲੀ ਤਾਂ ਕਾਲੋਨੀ ਦੀ ਇੱਕ ਮਹਿਲਾ ਡਰ ਕੇ ਬੇਹੋਸ਼ ਹੋ ਗਈ ਸੀ। ਅੰਗਰੇਜ਼ੀ ਵਿੱਚ ਲਿਖੀ ਚਿੱਠੀ ਵਿੱਚ ਕਿਹਾ ਗਿਆ ਹੈ: ਕਾਫਿਰੋ ਖਬਰਦਾਰ। ਇਹ ਅੰਤਮ ਚਿਤਾਵਨੀ ਹੈ, ਕਸ਼ਮੀਰ ਛੱਡ ਦਿਓ ਜਾਂ ਮਰਨ ਲਈ ਤਿਆਰ ਹੋ ਜਾਓ। ਅੱਲਾਹ ਨੂੰ ਮੰਨਣ ਵਾਲੇ ਤੁਹਾਡੇ ਉੱਤੇ ਨਜ਼ਰ ਰੱਖੇ ਹੋਏ ਹਨ। ਤੁਸੀਂ ਲੋਕਾਂ ਨੇ ਕਸ਼ਮੀਰ ਲੋਕਾਂ ਨਾਲ ਧੋਖਾ ਕੀਤਾ ਹੈ ਅਤੇ ਇੱਕ-ਇੱਕ ਕਰ ਕੇ ਤੁਹਾਨੂੰ ਮਾਰਿਆ ਜਾਵੇਗਾ। ਮੋਦੀ ਹੋਵੇ ਜਾਂ ਸ਼ਾਹ, ਹਿੰਦੁਸਤਾਨ ਵਿੱਚ ਕੋਈ ਤੁਹਾਨੂੰ ਨਹੀਂ ਬਚਾਅ ਸਕੇਗਾ।

## ਅਦਾਲਤ ਨੇ ਕਿਹਾ, ਦੇਸ਼ ਵਿੱਚ ਕੁੜੀਆਂ ਤੇ ਬੱਚਿਆਂ ਨੂੰ ਧਮਕਾਉਣ ਵਾਲੇ ਬਰਦਾਸ਼ਤ ਨਹੀਂ

ਨਵੀਂ ਦਿਲੀ, 14 ਅਪ੍ਰੈਲ (ਪੋਸਟ ਬਿਊਰੋ)- ਦਿਲੀ ਹਾਈ ਕੋਰਟ ਨੇ ਕੱਲ੍ਹ ਕਿਹਾ ਕਿ ਦੇਸ਼ ਵਿਚ ਕੁੜੀਆਂ, ਔਰਤਾਂ ਅਤੇ ਬੱਚਿਆਂ ਨੂੰ ਡਰਾਉਣ-ਧਮਕਾਉਣ ਵਾਲੇ ਕਿਸੇ ਵਿਅਕਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਉਸ ਸਮਾਜ ਵਿਚ ਨਹੀਂ ਰਹਿਣਾ ਚਾਹੀਦਾ, ਜਿੱਥੇ ਔਰਤਾਂ ਦਿਨ ਵਿਚ ਵੀ ਆਪਣੇ ਘਰੋਂ ਨਿਕਲਣ ਤੋਂ ਡਰਦੀਆਂ ਹੋਣ।

ਹਾਈ ਕੋਰਟ ਨੇ ਇਕ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰਦੇ ਹੋਏ ਇਹ ਟਿਪਣੀ ਕੀਤੀ, ਜਿਸ ਨੂੰ ਇਥੋਂ ਦੀ ਇਕ ਹੇਠਲੀ ਅਦਾਲਤ ਨੇ 21 ਸਾਲਾ ਔਰਤ ਦੀ ਹੱਤਿਆ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੀਤੀ ਹੈ। ਲੜਕੀ ਨੇ ਉਸ ਦੇ ਪਿਆਰ ਦੀ ਬੇਨਤੀ ਠੁਕਰਾਈ ਸੀ। ਜੱਜਾਂ ਦੇ ਬੈਂਚ ਨੇ ਜ਼ਮਾਨਤ ਅਰਜੀ ਰੱਦ ਕਰਦੇ ਹੋਏ ਕਿਹਾ, ‘‘ਅਸੀਂ ਲੋਕ ਅਜਿਹੇ ਸਮਾਜ ਵਿਚ ਨਹੀਂ ਰਹਿ ਸਕਦੇ ਅਤੇ ਨਾ ਰਹਾਂਗੇ, ਜਿੱਥੇ ਔਰਤਾਂ ਨੂੰ ਦਿਨੇ ਵੀ ਆਪਣੇ ਘਰੋਂ ਬਾਹਰ ਜਾਣ ਤੋਂ ਡਰ ਲੱਗਦਾ ਹੈ। ਅਸੀਂ ਦੋਸ਼ੀ ਨੂੰ ਜ਼ਮਾਨਤ ਨਹੀਂ ਦੇਵਾਂਗੇ। ਇਹ ਕਦੇ ਵੀ ਬਰਦਾਸ਼ਤ ਨਹੀਂ। ਦੇਸ਼ ਵਿਚ ਕੁੜੀਆਂ, ਔਰਤਾਂ ਅਤੇ ਬੱਚਿਆਂ ਨੂੰ ਧਮਕਾਉਣ ਵਾਲਾ ਦੋਸ਼ੀ ਕਦੇ ਵੀ ਬਰਦਾਸ਼ਤ ਨਹੀਂ। ਅਸੀਂ ਉਸ ਨੂੰ ਜ਼ਮਾਨਤ ਉਤੇ ਛੱਡਣਾ ਨਹੀਂ ਚਾਹੁੰਦੇ।" ਅਦਾਲਤ ਨੇ ਕਿਹਾ ਕਿ ਦੋਸ਼ੀ 11 ਸਾਲਾਂ ਤੋਂ ਜੇਲ ਵਿਚ ਹੈ, ਇਸ ਲਈ ਉਸ ਦੀ ਸਜ਼ਾ ਤੇ ਸਜ਼ਾ ਨੂੰ ਚੁਣੌਤੀ ਦੇਣ ਦੀ ਉਸ ਦੀ ਅਪੀਲ ਉਤੇ ਅਦਾਲਤ ਸੁਣਵਾਈ ਕਰੇਗੀ। ਅਦਾਲਤ ਨੇ ਕੇਸ ਨੂੰ 26 ਅਪ੍ਰੈਲ ਲਈ ਸੂਚੀਬੱਧ ਕੀਤਾ ਹੈ।

## ਮਸਜਿਦਾਂ ’ਚ ਸਪੀਕਰ ਮਾਮਲੇ ਵਿਚ ਭਾਜਪਾ ਦੀ ਬੋਲੀ ਬੋਲ ਰਿਹੈ ਰਾਜ ਠਾਕਰੇ: ਸ਼ਰਦ ਪਵਾਰ

ਮੁੰਬਈ, 14 ਅਪ੍ਰੈਲ (ਪੋਸਟ ਬਿਊਰੋ)- ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਐਮ ਐਨ ਐਸ) ਦੇ ਪ੍ਰਧਾਨ ਰਾਜ ਠਾਕਰੇ ਵੱਲੋਂ ਇਕਸਾਰ ਸਿਵਲ ਕੋਡ ਦੀ ਵਕਾਲਤ ਕਰਨ ਅਤੇ ਦੇਸ਼ ਵਿੱਚ ਵਧਦੀ ਆਬਾਦੀ ਕਾਬੂ ਹੇਠ ਲਿਆਉਣ ਦੀ ਲੋੜ ਉੱਤੇ ਜ਼ੋਰ ਦੇਣ ਤੋਂ ਇੱਕ ਦਿਨ ਮਗਰੋਂ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਨੇ ਕੱਲ੍ਹ ਇੱਥੇ ਕਿਹਾ ਕਿ ਉਹ (ਠਾਕਰੇ) ਸਾਫ ਤੌਰ ਉੱਤੇ ਭਾਜਪਾ ਦੀ ਬੋਲੀ ਬੋਲ ਰਿਹਾ ਹੈ।

ਐਨ ਸੀਪੀ ਦੇ ਮੁਖੀ ਸ਼ਰਦ ਪਵਾਰ ਨੇ ਕਿਹਾ, ‘‘ਮੈਂ ਮੰਦਰਾਂ ਵਿੱਚ ਜਾਂਦਾ ਹਾਂ, ਪਰ ਵਿਖਾਵੇ ਵਿੱਚ ਯਕੀਨ ਨਹੀਂ ਕਰਦਾ।'' ਮਹਾਰਾਸ਼ਟਰ ਵਿੱਚ ਸਮਾਜੀ ਏਕਤਾ ਵਿੱਚ ਅੜਿੱਕਾ ਪਾਉਣ ਦੇ ਯਤਨਚੱਲ ਰਹੇ ਹਨ ਤੇ ਫਿਰਕੂ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਜਾ ਰਿਹੈ।” ਵਰਨਣ ਯੋਗ ਹੈ ਕਿ ਰਾਜ ਠਾਕਰੇ ਨੇ ਮੰਗਲਵਾਰ ਰਾਤ ਨੂੰ ਐਮ ਐਨ ਐਸ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਜੇ ਸ਼ਿਵ ਸੈਨਾ ਦੀ ਅਗਵਾਈ ਵਾਲੀ ਸਰਕਾਰ ਨੇ ਮਸਜਿਦਾਂ ਵਿਚ ਉਚੀ ਆਵਾਜ਼ ਵਿੱਚ ਵੱਜਦੇ ਲਾਊਡ ਸਪੀਕਰ ਤਿੰਨ ਮਈ ਤਕ ਨਾ ਹਟਾਏ ਤਾਂ ਉਸ ਦੀ ਪਾਰਟੀ ਐਮ ਐਨ ਐਸ ਦੇ ਵਰਕਰ ਮਸਜਿਦਾਂ ਅੱਗੇ ਜਾ ਕੇ ਹਨੂਮਾਨ ਚਾਲੀਸਾ ਪੜ੍ਹਨਗੇ। ਇਸ ਬਾਰੇ ਸ਼ਰਦ ਪਵਾਰ ਨੇ ਕਿਹਾ, ‘‘ਸਾਫ ਤੌਰ ਉੱਤੇ ਸਾਨੂੰ ਉਨ੍ਹਾਂ (ਰਾਜ ਠਾਕਰੇ) ਦੀ ਤਕਰੀਰ ਵਿੱਚ ਉਹੀ ਕੁਝ ਸੁਣਨ ਨੂੰ ਮਿਲਦੈ, ਜੋ ਭਾਜਪਾ ਨੇ ਉਸ ਨੂੰ ਸੇਧ ਦਿੱਤੀ ਹੈ।'' ਪਵਾਰ ਨੇ ਕਿਹਾ ਕਿ ਐਮ ਐਨ ਐਸ ਦੇ ਮੁਖੀ ਰਾਜ ਠਾਕਰੇ ਨੇ ਭਾਜਪਾ ਬਾਰੇ ਇੱਕ ਵੀ ਸ਼ਬਦ ਨਹੀਂ ਬੋਲਿਆ, ਪਰ ਸ਼ਿਵ ਸੈਨਾ ਦੀ ਅਗਵਾਈ ਵਾਲੇ ਤਿੰਨ ਧਿਰੀ ਮਹਾ ਵਿਕਾਸ ਅਗਾੜੀ ਸਰਕਾਰ ਦੇ ਅਹਿਮ ਭਾਈਵਾਲ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੂੰ ਨਿਸ਼ਾਨਾ ਬਣਾਇਆ ਹੈ।

ਉਂਜ ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿੱਚ ਜਨਤਕ ਰੈਲੀ ਵਿੱਚ ਕ੍ਰਿਪਾਨ ਲਹਿਰਾਉਣ ਦੇ ਦੋਸ਼ ਵਿੱਚ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਤੇ ਦੋ ਹੋਰਨਾਂ ਪਾਰਟੀ ਆਗੂਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।




MacroGlobal
Immigration Services Ltd.
MEMBER
iccrc
IMMIGRATION CONSULTANTS OF CANADA REGULATORY COUNCIL
Seema Bhayana
Ph: (905)452-0000, (905)452-9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਫਰਾਂਸੀਸੀ ਪੱਤਰਕਾਰ ਦਾ ਦਾਅਵਾ, ਯੂਕਰੇਨ ਵਿੱਚ ਜ਼ਮੀਨ ਉੱਤੇ ਅਮਰੀਕਾ ਹੀ ਯੁੱਧ ਦਾ ਅਸਲ ਮੁਖੀ

ਲੰਡਨ, 14 ਅਪ੍ਰੈਲ (ਪੋਸਟ ਬਿਊਰੋ)- ਯੂਕਰੇਨ ਤੋਂ ਵਾਪਸ ਆਉਣ ਪਿੱਛੋਂ ਫਰਾਂਸੀਸੀ ਸੀਨੀਅਰ ਅੰਤਰਰਾਸ਼ਟਰੀ ਪੱਤਰਕਾਰ ਜੋਨਜਰਸ ਮਾਲਬ੍ਰਰਨੋਟ ਨੇ ਦਾਅਵਾ ਕੀਤਾ ਹੈ ਕਿ ਯੂਕਰੇਨੀ ਫੌਜਾਂ ਲਈ ਜ਼ਮੀਨ ਉੱਤੇ ਸਿੱਧੇ ਤੌਰ ਅਮਰੀਕਾ ਹੀ ਯੁੱਧ ਦਾ ਮੁਖੀਆ ਹੈ। ਮਾਲਬ੍ਰਰਨੋਟ ਨੇ ਇਹ ਜਾਣਕਾਰੀ ਬ੍ਰੌਡਕਾਸਟਰ ਸੀ-ਨਿਊਜ਼ ਨੂੰ ਦਿੱਤੀ ਹੈ।



ਮਾਲਬ੍ਰਰਨੋਟ ਨੇ ਕਿਹਾ ਕਿ ਉਹ ਯੂਕਰੇਨ ਵਿੱਚ ਫਰਾਂਸੀਸੀ ਸਵੈ-ਸੇਵੀ ਲੜਾਕਿਆਂ ਨਾਲ ਸੀ, ਜਿਨ੍ਹਾਂ ਵਿੱਚੋਂ ਦੋ ਨੇ ਪਹਿਲਾਂ ਆਈ ਐਸ ਆਈ ਐਸ ਦੇ ਖ਼ਿਲਾਫ਼ ਲੜਾਈ ਲੜੀ ਸੀ। ਮਾਲਬ੍ਰਰਨੋਟ ਨੇ ਕਿਹਾ ਕਿ ਸਵੈ-ਸੇਵੀ ਲੜਾਕਿਆਂ ਅਤੇ ਉਨ੍ਹਾਂ ਨੂੰ ਅਮਰੀਕੀਆਂ ਨੇ ਗ੍ਰਿਫ਼ਤਾਰ ਕਰ ਲਿਆ ਸੀ, ਜੋ ਆਪਣੇ ਆਪ ਨੂੰ ਯੁੱਧ ਦੇ ਲੀਡਰ ਦੱਸਦੇ ਸੀ। ਉਨ੍ਹਾਂ ਕਿਹਾ ਕਿ ਉਹ ਯੁੱਧ ਖ਼ਤਮ ਹੋਣ ਤਕ ਇੱਕ ਸਮਝੌਤੇ ਉੱਤੇ ਦਸਖ਼ਤ ਕਰਨ ਲਈ ਮਜ਼ਬੂਰ ਕਰਦੇ ਸਨ। ਉਹ ਕਹਿੰਦੇ ਸਨ ਕਿ ਇਹ ਅਮਰੀਕੀ ਹੈ, ਮੈਂ ਇਨ੍ਹਾਂ ਨੂੰ ਆਪਣੇ ਅੱਖੀਂ ਦੇਖਿਆ ਹੈ। ਮਾਲਬ੍ਰਰਨੋਟ ਨੇ ਕਿਹਾ ਕਿ ਮੈਨੂੰ ਲੱਗਾ ਕਿ ਮੈਂ ਅੰਤਰਰਾਸ਼ਟਰੀ ਬ੍ਰਿਗੇਡ ਦੇ ਨਾਲ ਹਾਂ, ਅਤੇ ਮੈਂ ਖੁਦ ਨੂੰ ਪੈਂਟਾਗਨ ਦਾ ਸਾਹਮਣਾ ਕਰਦੇ ਹੋਏ ਦੇਖਿਆ ਹੈ। ਮਾਲਬ੍ਰਰਨੋਟ ਨੇ ਅਮਰੀਕਾ ਵੱਲੋਂ ਯੂਕਰੇਨ ਨੂੰ ਸਿਵਿਚਬਲੇਡ ਆਤਮਘਾਤੀ ਡਰੋਨ ਪ੍ਰਦਾਨ ਕਰਨ ਦਾ ਵੀ ਜ਼ਿਕਰ ਕੀਤਾ ਹੈ। ਰੱਖਿਆ ਸੈਕਟਰੀ ਲਾਇਡ ਆਸਟਿਨ ਨੇ ਇੱਕ ਟਵੀਟ ਵਿੱਚ ਕੁਝ ਹਾਈਲਾਈਟ ਕੀਤਾ ਹੈ, ਜਿਸ ਵਿੱਚੋਂ ਪਤਾ ਲੱਗਾ ਕਿ ਯੂਕਰੇਨੀ ਫੌਜਾਂ ਨੂੰ ਬਿਲੋਕਸੀ, ਮਿਸਿਸਿਪੀ ਵਿੱਚ ਜੰਤਰਾਂ ਦਾ ਉਪਯੋਗ ਕਰਨ ਦੇ ਲਈ ਟਰੇਂਡ ਕੀਤਾ ਜਾ ਰਿਹਾ ਸੀ। ਇੱਕ ਫਰਾਂਸੀਸੀ ਖੁਫੀਆ ਸਰੋਤ ਦਾ ਹਵਾਲਾ ਦਿੰਦੇ ਹੋਏ ਮਾਲਬ੍ਰਰਨੋਟ ਨੇ ਟਵੀਟ ਕੀਤਾ ਕਿ ਬ੍ਰਿਟਿਸ਼ ਐਸ ਏ ਐਸ ਇਕਾਈਆਂ ਯੂਕਰੇਨ ਵਿੱਚ ਯੁੱਧ ਦੇ ਸ਼ੂਰੂ ਤੋਂ ਹੀ ਮੌਜੂਦ ਹਨ, ਜਿਵੇਂ ਅਮਰੀਕੀ ਡੇਲਟਾਸ ਨੇ ਕੀਤਾ ਸੀ।ਰੂਸ ਸਾਫਤੌਰ ਉੱਤੇ ਯੂਕਰੇਨ ਵਿੱਚ ਵਿਦੇਸ਼ੀ ਕਮਾਂਡੋਜ਼ਵੱਲੋਂ ਛੇੜੇ ਜਾ ਰਹੇ ਗੁਪਤ ਯੁੱਧ ਤੋਂ ਚੰਗੀ ਤਰ੍ਹਾਂ ਜਾਣੂ ਹੈ, ਜੋ ਫਰਵਰੀ ਤੋਂ ਇਸ ਖੇਤਰ ਵਿੱਚ ਹਨ। ਅਮਰੀਕਾ ਅਤੇ ਯੂ ਕੇ ਦੋਨਾਂ ਨੇ ਜਨਤਕ ਤੌਰ ਉਤੇ ਕਿਹਾ ਹੈ ਕਿ ਯੂਕਰੇਨ ਵਿੱਚ 'ਜ਼ਮੀਨ ਉੱਤੇ ਜੁੱਤੇ' ਨਹੀਂ ਹੋਣਗੇ, ਪਰ ਜ਼ਾਹਿਰ ਤੌਰ ਉੱਤੇ ਯੁੱਧ ਦੀ ਸ਼ੁਰੂਆਤ ਦੇ ਬਾਅਦ ਯੂ ਐਸ-ਯੂ ਕੇ ਸੈਨਾ ਹਾਜਰ ਰਹੀ ਹੈ।

## ਰੋਨਾਲਡੋ ਨੇ ਪ੍ਰਸ਼ੰਸਕ ਦਾ ਫੋਨ ਸੁੱਟਣ ਮਗਰੋਂ ਮੁਆਫੀ ਮੰਗ ਲਈ

ਮੈਨਚੈਸਟਰ, 14 ਅਪ੍ਰੈਲ (ਪੋਸਟ ਬਿਊਰੋ)- ਮਾਨਚੈਸਟਰ ਦੇ ਫੁੱਟਬਾਲਰ ਕ੍ਰਿਸਟਿਆਨੋ ਰੋਨਾਲਡੋ ਨੇ ਇੱਕ ਪ੍ਰਸ਼ੰਸਕ ਦੇ ਹੱਥ ਵਿੱਚੋਂ ਫੋਨ ਫੜ ਕੇ ਸੁੱਟਣ ਦੀ ਘਟਨਾ ਲਈ ਮੁਆਫੀ ਮੰਗੀ ਹੈ। ਉਂਜ ਰੋਨਾਲਡੋ ਵੱਲੋਂ ਟੀਮ ਨੂੰ ਐਵਰਟਨ ਕਲੱਬ ਤੋਂ ਮਿਲੀ 1-0 ਦੀ ਹਾਰ ਮਗਰੋਂ ਮੈਦਾਨ ਵਿੱਚੋਂ ਨਿਕਲਦੇ ਸਮੇਂ ਪ੍ਰਸ਼ੰਸਕ ਦੇ ਹੱਥੋਂ ਫੋਨ ਖੋਹ ਕੇ ਸੁੱਟਣ ਦੇ ਮਾਮਲੇ ਦੀ ਜਾਂਚ ਸਥਾਨਕ ਪੁਲਸ ਵੱਲੋਂ ਕਰਨ ਦੇ ਬਾਅਦ ਹੀ ਇਸ ਕੇਸ ਦਾ ਫੈਸਲਾ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਸੋਸ਼ਲ ਮੀਡੀਆ ਉਤੇ ਸ਼ੇਅਰ ਕੀਤੀ ਗਈ ਫੁਟੇਜ ਮੁਤਾਬਕ ਬੀਤੇ ਸ਼ਨੀਵਾਰ ਪ੍ਰੀਮੀਅਰ ਲੀਗ ਮੈਚ ਵਿੱਚ ਟੀਮ ਦੀ ਹਾਰ ਮਗਰੋਂ ਜਦੋਂ ਰੋਨਾਲਡੋ ਗੁਡੀਸਨ ਪਾਰਕ ਤੋਂ ਨਿਕਲ ਰਿਹਾ ਸੀ ਤਾਂ ਉਸ ਨੇ ਇੱਕ ਸਮਰਥਕ ਦੇ ਹੱਥ ਵਿੱਚੋਂ ਫੋਨ ਫੜ ਕੇ ਸੁੱਟ ਦਿੱਤਾ। ਬਾਅਦ ਵਿੱਚ ਪੁਰਤਗਾਲ ਦੇ ਇਸ ਖਿਡਾਰੀ ਨੇ ਆਪਣੀ ਇਸ ਹਰਕਤ ਦੀ ਮੁਆਫੀ ਮੰਗੀ ਹੈ। ਇੰਸਟਾਗ੍ਰਾਮ ਉਤੇ ਇੱਕ ਪੋਸਟ ਵਿੱਚ ਰੋਨਾਲਡੋ ਨੇ ਕਿਹਾ, ‘‘ਮੈਂ ਆਪਣੇ ਗੁੱਸੇ ਲਈ ਮੁਆਫੀ ਮੰਗਣਾ ਚਾਹੁੰਦਾ ਹਾਂ ਅਤੇ ਜੇ ਸੰਭਵ ਹੋਵੇ ਤਾਂ ਮੈਂ ਇਸ ਸਮਰਥਕ ਨੂੰ ਨਿਰਪੱਖ ਖੇਡ ਤੇ ਖੇਡ ਭਾਵਨਾ ਤਹਿਤ ਓਲਡ ਟਰੈਫਰਡ ਵਿੱਚ ਇੱਕ ਮੈਚ ਦੇਖਣ ਲਈ ਸੱਦਾ ਦੇਣਾ ਚਾਹੁੰਦਾ ਹਾਂ।''ਉਸ ਨੇ ਕਿਹਾ, ‘‘ਅਸੀਂ ਜਿੰਦਾਂ ਦੀ ਮੁਸ਼ਕਲ ਘੜੀ ਦਾ ਸਾਹਮਣਾ ਕਰ ਰਹੇ ਹਾਂ, ਅਜਿਹੇ ਵਿੱਚ ਭਾਵਨਾਵਾਂ ਨੂੰ ਸਾਂਭਣਾ ਸੌਖਾ ਨਹੀਂ ਹੁੰਦਾ।'' ਰੋਨਾਲਡੋ ਮੁਤਾਬਕ, ‘‘ਫਿਰ ਵੀ ਸਾਨੂੰ ਹਮੇਸ਼ਾ ਸਨਮਾਨਜਨਕ, ਸੰਜਮੀ ਤੇ ਨੌਜਵਾਨਾਂ ਲਈ ਮਿਸਾਲ ਪੇਸ਼ ਕਰਨ ਵਾਲਾ ਹੋਣਾ ਚਾਹੀਦਾ ਹੈ, ਜਿਹੜੇ ਇਸ ਖ਼ੂਬਸੂਰਤ ਖੇਡ ਨੂੰ ਪਸੰਦ ਕਰਦੇ ਹਨ।'' ਦੂਜੇ ਪਾਸੇ ਪੁਲਸ ਨੇ ਇਸ ਮਾਮਲੇ ਵਿੱਚ ਪੀੜਤ ਜਾਂ ਮੈਦਾਨ ਦੇ ਲੋਕਾਂ ਨੂੰ ਗਵਾਹੀ ਦੇਣ ਦੀ ਅਪੀਲ ਕੀਤੀ ਹੈ ਅਤੇ ਉਸ ਵੱਲੋਂ ਮਾਮਲੇ ਸਬੰਧੀ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

## ਬੋਰਿਸ ਜਾਨਸਨ ਸਜ਼ਾ ਪਾਉਣ ਵਾਲੇ ਬ੍ਰਿਟੇਨ ਦੇ ਪਹਿਲੇ ਪ੍ਰਧਾਨ ਮੰਤਰੀ



ਲੰਡਨ, 14 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਅਤੇ ਚਾਂਸਲਰ ਰਿਸ਼ੀ ਸੁਨਕ ਨੇ ਜੂਨ 2020 ਵਿੱਚ ਤਾਲਾਬੰਦੀ ਨਿਯਮਾਂ ਨੂੰ ਤੋੜਨ ਲਈ ਜੁਰਮਾਨਾ ਲੱਗਣ ਦੇ ਬਾਵਜੂਦ ਅਹੁਦੇ ਉੱਤੇ ਬਣੇ ਰਹਿਣ ਦਾ ਐਲਾਨ ਕੀਤਾ ਹੈ। ਜਾਨਸਨ, ਸੁਨਕ ਤੇ ਉਨ੍ਹਾਂ ਦੀ ਪਤਨੀ ਨੂੰ ਡਾਊਨਿੰਗ ਸਟ੍ਰੀਟ ਵਿੱਚ ਪ੍ਰਧਾਨ ਮੰਤਰੀ ਦੇ ਜਨਮ ਦਿਨ ਦੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਜੁਰਮਾਨੇ ਦੇ ਨੋਟਿਸ ਮਿਲੇ ਹਨ।

ਬੀ ਬੀ ਸੀ ਅਨੁਸਾਰ ਜਾਨਸਨ ਬ੍ਰਿਟੇਨ ਦੇ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਬਣ ਗਏ ਹਨ, ਜਿਨ੍ਹਾਂ ਨੂੰ ਕਾਨੂੰਨ ਤੋੜਨ ਲਈ ਸਜ਼ਾ ਦਿੱਤੀ ਗਈ ਹੈ। ਤਿੰਨਾਂ ਨੇ ਕੋਵਿਡ-19 ਨਿਯਮ ਤੋੜਨ ਲਈ ਮੁਆਫ਼ੀ ਮੰਗੀ ਹੈ ਪਰ ਜਾਨਸਨ ਅਤੇ ਸੁਨਕ ਨੇ ਆਪਣੇ ਅਸਤੀਫ਼ੇ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਬ੍ਰਿਟਿਸ਼ ਲੋਕਾਂ ਦੀਆਂ ਤਰਜੀਹਾਂ ਨੂੰ ਪੂਰਾ ਕਰਨ ਲਈ ਜ਼ੁੰਮੇਵਾਰੀ ਦੀ ਮਹਾਨ ਭਾਵਨਾ ਮਹਿਸੂਸ ਕੀਤੀ ਅਤੇ ਸੁਨਕ ਨੇ ਕਿਹਾ ਕਿ ਉਨ੍ਹਾਂ ਦਾ ਧਿਆਨ ਬ੍ਰਿਟਿਸ਼ ਲੋਕਾਂ ਦੀ ਸੇਵਾ ਉੱਤੇ ਕੇਂਦਰਤ ਹੈ। ਇਸ ਮੌਕੇ ਕੋਵਿਡ-19 ਤੋਂ ਪ੍ਰਭਾਵਤ ਲੋਕਾਂ ਦੇ ਪਰਵਾਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਾਂ ਚਾਂਸਲਰ ਲਈ ਅਹੁਦੇ ਉੱਤੇ ਬਣੇ ਰਹਿਣ ਦਾ ਕੋਈ ਕਾਰਨ ਨਹੀਂ ਤੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਸ਼ਰਮਨਾਕ ਕਿਹਾ। ਬੀ ਬੀ ਸੀ ਦੀ ਰਿਪੋਰਟ ਮੁਤਾ-ਬਕ ਸਕਾਟਿਸ਼ ਨੈਸ਼ਨਲ ਪਾਰਟੀ ਅਤੇ ਲਿਬਰਲ ਡੈਮੋਕਰੇਟਸ ਨੇ ਪਾਰਲੀਮੈਂਟ ਨੂੰ ਈਸਟਰ ਬਰੇਕ ਤੋਂ ਵਾਪਸ ਆਉਣ ਲਈ ਕਿਹਾ, ਤਾਂ ਜੋ ਪ੍ਰਧਾਨ ਮੰਤਰੀ ਅਤੇ ਚਾਂਸਲਰ ਨੂੰ ਪਾਰਲੀਮੈਂਟ ਮੈਂਬਰਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਏ। ਇਹ ਮੁੱਦਾ ਅਗਲੇ ਦਿਨੀਂ ਹੋਰ ਭਖ ਸਕਦਾ ਹੈ।

## ਅਦਾਲਤ ਨੇ ਯੂਕਰੇਨੀ ਸ਼ਰਨਾਰਥੀ ਨੂੰ ਪੰਜ ਯੂਰੋ ਵਸੂਲੀ ਕਰਨ ਲਈ ਦੋਸ਼ੀ ਠਹਿਰਾਇਆ

ਵਿਆਨਾ, 14 ਅਪ੍ਰੈਲ (ਪੋਸਟ ਬਿਊਰੋ)- ਵਿਆਨਾ ਦੀ ਇੱਕ ਅਦਾਲਤ ਨੇ ਇੱਕ ਖੁਸ਼ਹਾਲ ਯੂਕਰੇਨੀ ਸ਼ਰਨਾਰਥੀ ਨੂੰ 9 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਉਸ ਉੱਤੇ ਇੱਕ ਨੌਜਵਾਨ ਨੂੰ ਪੰਜ ਯੂਰੋ (412.23 ਰੁਪਏ) ਪਾਰਕਿੰਗ ਚਾਰਜਦੇਣਲਈ ਮਜ਼ਬੂਰ ਕਰਨ ਅਤੇ ਚਾਕੂ ਦੀ ਨੋਕ ਉੱਤੇ ਧਮਕਾਉਣ ਦਾ ਦੋਸ਼ ਹੈ।



ਇਹ ਘਟਨਾ 12 ਮਾਰਚ ਦੀ ਹੈ। ਇਸ 38 ਸਾਲਾ ਸ਼ਰਨਾਰਥੀ ਦੇ ਕੋਲ ਪਾਰਕਿੰਗ ਚਾਰਜ ਚੁਕਾਉਣ ਦੇ ਲਈ ਪੂਰੀ ਰਕਮ ’ਚ ਕਮੀ ਸੀ।ਰਿਪੋਰਟ ਅਨੁਸਾਰ ਯੂਕਰੇਨ ਵਿੱਚ ਰੂਸੀ ਸੈਨਾ ਦੀ ਕਾਰਵਾਈ ਸ਼ੁਰੂ ਹੋਣ ਦੇ ਕੁਝ ਦਿਨਾਂ ਬਾਅਦ ਇਹ ਸ਼ਖਸ ਆਪਣੀ ਪਤਨੀ ਤੇ ਦੋ ਬੱਚਿਆਂ ਦੇ ਨਾਲ ਮਰਸਿਡੀਜ਼ ਵਿੱਚ ਭੱਜ ਆਇਆ ਸੀ। ਉਸ ਨੇ ਅਦਾਲਤ ਵਿੱਚ ਸੁਣਵਾਈ ਦੌਰਾਨ ਕਿਹਾ ਕਿ ਸਿਹਤ ਸਬੰਧੀ ਸਮੱਸਿਆਵਾਂ ਕਾਰਨ ਉਹ ਫ਼ੌਜ ਵਿੱਚ ਸ਼ਾਮਲ ਹੋਣ ਦੇ ਫਿੱਟ ਨਹੀਂ ਸੀ ਇਸ ਲਈ ਉਸ ਨੂੰ ਦੇਸ਼ ਤੋਂ ਕੱਢ ਦਿੱਤਾ ਗਿਆ। ਵਿਆਨਾ ਵਿੱਚ ਘਰ ਮਿਲਣ ਤੋਂ ਪਹਿਲਾਂ ਪਰਵਾਰ ਨੇ ਕਾਰ ਵਿੱਚ ਇੱਕ ਹਫ਼ਤਾ ਆਪਣਾ ਗੁਜ਼ਾਰਾ ਕੀਤਾ। ਇਸ ਕੋਲ ਲੱਖਾਂ ਦੀ ਜਾਇਦਾਦ ਹੈ। 11 ਮਾਰਚ ਨੂੰ ਪਾਰਕਿੰਗ ਵਾਲੀ ਘਟਨਾ ਤੋਂ ਇੱਕ ਦਿਨ ਪਹਿਲਾਂ ਕਿਸੇ ਨੇ ਉਸ ਦੇ ਵਿਆਨਾ ਵਾਲੇ ਅਪਾਰਟਮੈਂਟ ਤੋਂ ਇੱਕ ਬੈਗ ਚੋਰੀ ਕਰ ਲਿਆ ਸੀ ਜਿਸ ਵਿੱਚ 30,000 ਡਾਲਰ ਸਨ।

## ਕੈਲੀਫੋਰਨੀਆ ਦੀ ਔਰਤ ਨੂੰ ਮਨਚਾਹਾ ਨੰਬਰ ਨਾ ਮਿਲਿਆ, ਪਰ 10 ਮਿਲੀਅਨ ਡਾਲਰ ਦੀ ਲਾਟਰੀ ਨਿਕਲ ਆਈ

ਕੈਲੀਫੋਰਨੀਆ, 14 ਅਪ੍ਰੈਲ (ਪੋਸਟ ਬਿਊਰੋ)- ਜਦ ਆਪੋ ਵਿੱਚ ਕੋਈ ਟਕਰਾਏ ਜਾਂ ਧੱਕਾ ਦੇਵੇ ਤਾਂ ਮੁਆਫੀ ਦੇ ਇਲਾਵਾ ਕੀ ਮਿਲ ਸਕਦਾ ਹੈ? ਕੈਲੀਫੋਰਨੀਆ ਦੀ ਇੱਕ ਔਰਤ ਨੂੰ ਧੱਕੇ ਦੇ ਬਦਲੇ 75 ਕਰੋੜ ਰੁਪਏ ਮਿਲੇ।




ਅਸਲ ਵਿੱਚ ਕੈਲੀਫੋਰਨੀਆ ਦੇ ਲਾਸ ਏਂਜਲਸ ਕਾਉਂਟੀ ਵਿੱਚ ਲਾਕਵੈਂਡਰਾ ਐਡਵਰਡਸ ਨਾਂਅ ਦੀ ਔਰਤ ਸੁਪਰ ਮਾਰਕੀਟ ਵਿੱਚ ਲਾਟਰੀ ਟਿਕਟ ਖਰੀਦਣ ਗਈ ਤਾਂ ਇੱਕ ਵਿਅਕਤੀ ਨੇ ਉਸ ਨੂੰ ਧੱਕਾ ਦਿੱਤਾ ਜਿਸ ਕਾਰਨ ਉਹ ਆਪਣਾ ਮਨਪਸੰਦ ਨੰਬਰ ਨਹੀਂ ਚੁਣ ਸਕੀ ਅਤੇ ਲਾਟਰੀ ਸਕਰੈਚ ਵੈਂਡਿੰਗ ਮਸ਼ੀਨ ਵਿੱਚ ਉਸ ਦਾ ਹੱਥ ਚਾਲੀ ਡਾਲਰ ਦੀ ਟਿਕਟ ਉੱਤੇ ਰੱਖਿਆ ਗਿਆ। ਉਸ ਨੇ ਬੜੇ ਅਫਸੋਸ ਨਾਲ ਜ਼ਮੀਨ ਉੱਤੇ ਡਿੱਗੀ ਲਾਟਰੀ ਦੀ ਟਿਕਟ ਚੁੱਕੀ ਤੇ ਉਸ ਵਿਅਕਤੀ ਨੂੰ ਘੂਰ ਕੇ ਦੇਖਿਆ। ਉਹ ਵਿਅਕਤੀ ਬਿਨਾਂ ਕੁਝ ਬੋਲੇ ਚੁੱ-ਪਚਾਪ ਚਲਾ ਗਿਆ। ਲਾਕਵੈਂਡਰਾ ਇਸ ਗੱਲੋਂ ਚਿੜ੍ਹ ਗਈ ਕਿ ਧੱਕੇ ਕਾਰਨ ਉਸ ਨੇ ਗਲਤ ਨੰਬਰ ਉੱਤੇ ਦਾਅ ਲਾ ਦਿੱਤਾ ਅਤੇ ਆਪਣੀ ਪਸੰਦ ਦੀ ਚੀਜ਼ ਨਹੀਂ ਲੈ ਸਕੀ। ਉਹ ਉਸ ਦਿਨ ਕੁਝ ਹੋਰ ਸਮਾਨ ਵੀ ਖਰੀਦਣਾ ਚਾਹੁੰਦੀ ਸੀ, ਪਰ ਕੁਝ ਦਿਨਾਂ ਬਾਅਦ ਲਾਕਵੈਂਡਰਾ ਨੇ ਕਾਰ ਵਿੱਚ ਰੱਖੇ ਆਪਣੇ ਲਾਟਰੀ ਟਿਕਟ ਨੂੰ ਸਕਰੈਚ ਕੀਤਾ ਤਾਂ ਉਸ ਨੂੰ ਯਕੀਨ ਨਹੀਂ ਹੋਇਆ। ਉਸ ਨੇ 10 ਮਿਲੀਅਨ ਡਾਲਰ ਦਾ ਇਨਾਮ ਜਿੱਤਿਆ। ਲਾਕਵੈਂਡਰਾ ਨੇ ਕਿਹਾ, ‘‘ਇੱਕ ਧੱਕੇ ਨੇ ਉਸ ਦੀ ਕਿਸਮਤ ਬਦਲ ਦਿੱਤੀ। ਮੈਂ ਉਸ ਅਣਜਾਣ ਸ਼ਖਸ ਦਾ ਸ਼ੁਕਰੀਆ ਕਰਨਾ ਚਾਹੁੰਦੀ ਹਾਂ। ਉਸ ਦੀ ਵਜ੍ਹਾ ਨਾਲ ਮੈਂ ਆਪਣੀ ਹਰ ਖਾਹਿਸ਼ ਪੂਰੀ ਕਰ ਸਕਾਂਗੀ। ਆਪਣਾ ਘਰ ਖਰੀਦ ਸਕਾਂਗੀ ਅਤੇ ਲੋਕਾਂ ਦੀ ਭਲਾਈ ਲਈ ਐਨ ਜੀ ਓ ਸ਼ੁਰੂ ਕਰਾਂਗੀ।''



# ਕਾਰ ਹਾਦਸੇ ਵਿੱਚ ਮਹਿਲਾ ਜ਼ਖ਼ਮੀ



ਓਕਵਿੱਲ, 14 ਅਪਰੈਲ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਓਕਵਿੱਲ ਵਿੱਚ ਕੁਈਨ ਐਲਿਜ਼ਾਬੈੱਥ ਵੇਅ ਉੱਤੇ ਹੋਏ ਹਾਦਸੇ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਫੋਰਡ ਡਰਾਈਵ ਨੇੜੇ ਹਾਈਵੇਅ ਦੀਆਂ ਨਾਇਗਰਾ ਵਾਲੀਆਂ ਲੇਨਜ਼ ਉੱਤੇ ਇਹ ਸਿੰਗਲ ਵ੍ਹੀਕਲ ਹਾਦਸਾ ਵਾਪਰਿਆ।ਪੁਲਿਸ ਨੇ ਦੱਸਿਆ ਕਿ ਇਹ ਗੱਡੀ ਅਚਾਨਕ ਹੀ ਹਾਈਵੇਅ ਤੋਂ ਲਹਿ ਕੇ ਫੈਂਸ ਨੂੰ ਤੋੜਦੀ ਹੋਈ ਨੌਰਥ ਸਰਵਿਸ ਰੋਡ ਉੱਤੇ ਜਾ ਚੜ੍ਹੀ। ਪੁਲਿਸ ਨੇ ਦੱਸਿਆ ਕਿ ਜਦੋਂ ਇਹ ਹਾਦਸਾ ਵਾਪਰਿਆ ਤਾਂ 21 ਸਾਲਾ ਮਹਿਲਾ ਗੱਡੀ ਵਿੱਚੋਂ ਬਾਹਰ ਜਾ ਡਿੱਗੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਲਈ ਫੋਰਡ ਡਰਾਈਵ ਉੱਤੇ ਕਿਊਈਡਬਲਿਊ ਵਾਲੀਆਂ ਨਾਇਗਰਾ ਜਾਣ ਵਾਲੀਆਂ ਲੇਨਜ਼ ਤੇ ਅੱਪਰ ਮਿਡਲ ਰੋਡ ਉੱਤੇ ਹਾਈਵੇਅ 403 ਦੀਆਂ ਪੱਛਮ ਵਾਲੀਆਂ ਲੇਨਜ਼ ਬੰਦ ਕਰ ਦਿੱਤੀਆਂ ਹਨ।

# ਲੀਡਰਸ਼ਿਪ ਡਿਬੇਟਸ ਲਈ ਕੰਜ਼ਰਵੇਟਿਵ ਪਾਰਟੀ ਨੇ ਐਲਾਨੀਆਂ ਤਰੀਕਾਂ



ਓਟਵਾ, 14 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੇ ਲੀਡਰਸ਼ਿਪ ਉਮੀਦਵਾਰਾਂ ਦੀ ਪਹਿਲੀ ਡਿਬੇਟ 11 ਮਈ ਨੂੰ ਤੇ ਦੂਜੀ ਡਿਬੇਟ 25 ਮਈ ਨੂੰ ਹੋਵੇਗੀ। ਇਸ ਤੋਂ ਬਾਅਦ ਇੱਕ ਵਾਰੀ ਅਗਸਤ ਵਿੱਚ ਵੀ ਉਮੀਦਵਾਰਾਂ ਦਾ ਇੱਕ ਦੂਜੇ ਨਾਲ ਸਾਹਮਣਾ ਹੋ ਸਕਦਾ ਹੈ। ਪਿਛਲੇ ਹਫਤੇ ਇਹ ਦੱਸਿਆ ਗਿਆ ਕਿ ਅੰਗਰੇਜ਼ੀ ਭਾਸ਼ਾ ਵਾਲੀ ਡਿਬੇਟ ਐਡਮੰਟਨ ਵਿੱਚ ਹੋਵੇਗੀ ਜਦਕਿ ਫਰੈਂਚ ਭਾਸ਼ਾ ਵਾਲੀ ਡਿਬੇਟ ਮਾਂਟਰੀਅਲ ਵਿੱਚ ਹੋਵੇਗੀ।ਦੋਵਾਂ ਦਾ ਸਮਾਂ ਰਾਤ ਦੇ 8:00 ਵਜੇ ਰਹੇਗਾ। ਪਾਰਟੀ ਦੀ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ (ਐਲਈਓਸੀ) ਨੇ ਆਪਣੇ ਮੈਮੋਰੰਡਮ ਵਿੱਚ ਆਖਿਆ ਕਿ ਉਨ੍ਹਾਂ ਵੱਲੋਂ ਤੀਜੀ ਡਿਬੇਟ ਅਗਸਤ ਦੇ ਸ਼ੁਰੂ ਵਿੱਚ ਕਰਵਾਉਣ ਦੇ ਅਧਿਕਾਰ ਰਾਖਵੇਂ ਰੱਖੇ ਜਾ ਰਹੇ ਹਨ। ਹਰੇਕ ਡਿਬੇਟ ਤੋਂ ਇੱਕ ਹਫਤੇ ਪਹਿਲਾਂ ਉਮੀਦਵਾਰਾਂ ਨੂੰ ਟੌਪਿਕ ਮੁਹੱਈਆ ਕਰਵਾਏ ਜਾਣਗੇ।ਐਲਈਓਸੀ ਦੇ ਨਿਯਮਾਂ ਅਨੁਸਾਰ ਉਮੀਦਵਾਰਾਂ ਦਾ ਸਾਰੀਆਂ ਡਿਬੇਟਜ਼ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ।ਸੰਭਾਵੀ ਉਮੀਦਵਾਰਾਂ ਕੋਲ 19 ਅਪਰੈਲ ਤੱਕ ਆਪਣੀ ਦਾਅਵੇਦਾਰੀ ਐਲਾਨਣ ਦਾ ਸਮਾਂ ਹੈ। 3 ਜੂਨ ਤੱਕ ਉਮੀਦਵਾਰ ਮੈਂਬਰ ਬਣਾ ਸਕਦੇ ਹਨ ਤੇ ਪਾਰਟੀ ਵੱਲੋਂ 10 ਸਤੰਬਰ ਨੂੰ ਆਪਣਾ ਆਗੂ ਚੁਣਿਆ ਜਾਵੇਗਾ।

# ਕੈਨੇਡਾ ਨੇ ਰੂਸ ਉੱਤੇ ਲਾਈਆਂ ਨਵੀਆਂ ਪਾਬੰਦੀਆਂ



ਓਟਵਾ, 14 ਅਪਰੈਲ (ਪੋਸਟ ਬਿਊਰੋ) : ਯੂਕਰੇਨ ਉੱਤੇ ਧਾਵਾ ਬੋਲਣ ਦੇ ਸਬੰਧ ਵਿੱਚ ਕੈਨੇਡਾ ਵੱਲੋਂ ਰੂਸ ਉੱਤੇ ਨਵੀਆਂ ਪਾਬੰਦੀਆਂ ਲਾਈਆਂ ਗਈਆਂ ਹਨ। ਇਨ੍ਹਾਂ ਨਵੀਆਂ ਪਾਬੰਦੀਆਂ ਤਹਿਤ ਕੈਨੇਡਾ ਵੱਲੋਂ ਰੂਸ ਦੀ ਰੱਖਿਆ ਇੰਡਸਟਰੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਵਿਦੇਸ਼ ਮੰਤਰੀ ਮਿਲੇਨੀ ਜੋਲੀ ਦਾ ਕਹਿਣਾ ਹੈ ਕਿ ਨਵੇਂ ਮਾਪਦੰਡਾਂ ਤਹਿਤ ਰੂਸ ਦੇ ਰੱਖਿਆ ਖੇਤਰ ਦੀਆਂ 33 ਇਕਾਈਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਜਿਹੜੀਆਂ ਆਰਗੇਨਾਈਜ਼ੇਸ਼ਨਜ਼ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਰੂਸੀ ਫੌਜ ਦੀ ਮਦਦ ਕਰਦੀਆਂ ਹਨ, ਉਨ੍ਹਾਂ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਦਾ ਖਮਿਆਜਾ ਭੁਗਤਣਾ ਪਵੇਗਾ। ਜਿਨ੍ਹਾਂ ਆਰਗੇਨਾਈਜ਼ੇਸ਼ਨਜ਼ ਉੱਤੇ ਗਾਜ ਗਿਰੇਗੀ ਉਨ੍ਹਾਂ ਵਿੱਚ ਮਾਸਕੋ ਇੰਸਟੀਚਿਊਟ ਆਫ ਫਿਜ਼ਿਕਸ ਐਂਡ ਟੈਕਨੋਲਾਜੀ, ਐਸਪੀਬੀ ਤੇ ਸ਼ਿੱਪਯਾਰਡ ਵਿੰਪਲ ਜੇਐਸਸੀ ਸ਼ਾਮਲ ਹਨ।

24 ਫਰਵਰੀ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਤੋਂ ਬਾਅਦ ਕੈਨੇਡਾ ਨੇ ਮਾਸਕੋ, ਯੂਕਰੇਨ ਤੇ ਬੇਲਾਰੂਸ ਦੇ 700 ਵਿਅਕਤੀਆਂ ਤੇ ਵਸਤਾਂ ਉੱਤੇ ਪਾਬੰਦੀਆਂ ਲਾਈਆਂ ਹਨ।2014 ਵਿੱਚ ਰੂਸ ਵੱਲੋਂ ਕ੍ਰਿਮੀਆ ਨੂੰ ਵੱਖ ਕਰਕੇ ਆਪਣੇ ਨਾਲ ਰਲਾਉਣ ਤੋਂ ਬਾਅਦ ਤੋਂ ਹੀ ਕੈਨੇਡਾ ਨੇ 1100 ਵਿਅਕਤੀਆਂ ਤੇ ਇਕਾਈਆਂ ਉੱਤੇ ਪਾਬੰਦੀਆਂ ਲਾਈਆਂ ਸਨ। ਇੱਕ ਬਿਆਨ ਜਾਰੀ ਕਰਦਿਆਂ ਜੋਲੀ ਨੇ ਆਖਿਆ ਕਿ ਕੈਨੇਡਾ ਹਮੇਸ਼ਾਂ ਯੂਕਰੇਨ ਦੇ ਨਾਲ ਖੜ੍ਹਾ ਰਿਹਾ ਹੈ ਤੇ ਅੱਗੇ ਵੀ ਖੜ੍ਹਾ ਰਹੇਗਾ। ਉਨ੍ਹਾਂ ਆਖਿਆ ਕਿ ਆਪਣੀ ਆਜ਼ਾਦੀ ਲਈ ਲੜਨ ਵਾਲੇ ਨਿਡਰ ਤੇ ਦਲੇਰ ਔਰਤਾਂ ਤੇ ਮਰਦਾਂ ਨੂੰ ਸਮਰਥਨ ਦੇਣਾ ਅਸੀਂ ਜਾਰੀ ਰੱਖਾਂਗੇ ਤੇ ਵਧੀਕੀਆਂ ਕਰਨ ਵਾਲਿਆਂ ਨੂੰ ਜਵਾਬ-ਦੇਹ ਠਹਿਰਾਇਆ ਜਾਵੇਗਾ।

# ਇੱਕ ਵਾਰੀ ਫਿਰ ਮੂਰ ਵੱਲੋਂ ਓਨਟਾਰੀਓ ਵਾਸੀਆਂ ਨੂੰ ਮਾਸਕ ਲਾ ਕੇ ਰੱਖਣ ਦੀ ਦਿੱਤੀ ਗਈ ਸਲਾਹ



ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਦੀ ਛੇਵੀਂ ਵੇਵ ਦਰਮਿਆਨ ਇੱਕ ਵਾਰੀ ਫਿਰ ਓਨਟਾਰੀਓ ਵਾਸੀਆਂ ਨੂੰ ਪਬਲਿਕ ਇੰਡੋਰ ਸੈਟਿੰਗਜ਼ ਵਿੱਚ ਮਾਸਕ ਲਾ ਕੇ ਰੱਖਣ ਦੀ ਅਪੀਲ ਕੀਤੀ ਗਈ ਹੈ। ਮਾਸਕ ਹਟਾਉਣ ਜਾਂ ਨਾ ਹਟਾਉਣ ਸਬੰਧੀ ਅਗਲੇ ਪਲੈਨ ਦਾ ਮੁਲਾਂਕਣ ਇਸ ਮਹੀਨੇ ਦੇ ਅੰਤ ਵਿੱਚ ਕੀਤਾ ਜਾਵੇਗਾ।

ਇਹ ਸੁਨੇਹਾ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ•ਕੀਰਨ ਮੂਰ ਵੱਲੋਂ ਦਿੱਤਾ ਗਿਆ। ਇੱਕ ਵਾਰੀ ਫਿਰ ਵਾਇਰਸ ਫੈਲਣ ਦੇ ਮਿਲ ਰਹੇ ਸੰਕੇਤਾਂ ਦੇ ਚੱਲਦਿਆਂ ਡਾ• ਮੂਰ ਨੇ ਇੱਕ ਮਹੀਨੇ ਦੇ ਅਰਸੇ ਵਿੱਚ ਪਹਿਲੀ ਵਾਰੀ ਜਨਤਕ ਤੌਰ ਉੱਤੇ ਇਹ ਜ਼ੋਰਦਾਰ ਸਿਫਾਰਿਸ਼ ਕੀਤੀ। ਉਨ੍ਹਾਂ ਪੀਸੀਆਰ ਟੈਸਟਿੰਗ ਤੇ ਕੋਵਿਡ-19 ਦੇ ਇਲਾਜ ਦਾ ਐਲਾਨ ਕਰਦਿਆਂ ਇਹ ਗੱਲ ਆਖੀ।ਕੁਈਨਜ਼ ਪਾਰਕ ਵਿਖੇ ਮੂਰ ਨੇ ਆਖਿਆ ਕਿ ਅਸੀਂ ਇਸ ਛੇਵੀਂ ਵੇਵ ਦੇ ਅਸਰ ਨੂੰ ਘਟਾਉਣ ਲਈ ਚੰਗੀ ਤਰ੍ਹਾਂ ਫਿੱਟ ਹੋਣ ਵਾਲੇ ਤਿੰਨ ਪਰਤਾਂ ਵਾਲੇ ਮਾਸਕ ਜਾਂ ਮੈਡੀਕਲ ਮਾਸਕ ਦੀ ਵਰਤੋਂ ਇੰਡੋਰ ਸੈਟਿੰਗਜ਼ ਵਿੱਚ ਕਰ ਸਕਦੇ ਹਾਂ।

ਕੋਵਿਡ-19 ਦੇ ਕੇਸਾਂ ਵਿੱਚ ਇੱਕ ਵਾਰੀ ਫਿਰ ਹੋ ਰਹੇ ਵਾਧੇ ਤੇ ਹਸਪਤਾਲਾਂ ਵਿੱਚ ਲੋਕਾਂ ਦੀ ਵੱਧ ਰਹੀ ਗਿਣਤੀ ਦੇ ਚੱਲਦਿਆਂ ਮੂਰ ਵੱਲੋਂ ਇਹ ਟਿੱਪਣੀਆਂ ਕੀਤੀਆਂ ਗਈਆਂ।ਪਿਛਲੇ ਹਫਤੇ, ਪ੍ਰੋਵਿੰਸ ਦੀ ਸਾਇੰਸ ਟੇਬਲ ਦੇ ਹੈੱਡ ਨੇ ਵੇਸਟਵਾਟਰ ਵਿਸ਼ਲੇਸ਼ਣ ਦੇ ਆਧਾਰ ਉੱਤੇ ਆਖਿਆ ਸੀ ਕਿ ਓਨਟਾਰੀਓ ਵਿੱਚ ਹਰ ਰੋਜ਼ 120,000 ਨਵੇਂ ਕੇਸ ਸਾਹਮਣੇ ਆ ਸਕਦੇ ਹਨ।ਪ੍ਰੋਵਿੰਸ਼ੀਅਲ ਸਰਕਾਰ ਨੇ 21 ਮਾਰਚ ਨੂੰ ਸਾਰੀਆਂ ਇੰਡੋਰ ਸੈਟਿੰਗਜ਼ ਵਿੱਚੋਂ ਵੀ ਮਾਸਕ ਸਬੰਧੀ ਨਿਯਮ ਖਤਮ ਕਰ ਦਿੱਤੇ ਸਨ। ਸਿਰਫ ਪਬਲਿਕ ਟਰਾਂਜ਼ਿਟ ਤੇ ਹਾਈ ਰਿਸਕ ਸੈਟਿੰਗਜ਼ ਵਿੱਚ ਹੀ ਮਾਸਕ ਪਾਉਣ ਦੀ ਸ਼ਰਤ ਰੱਖੀ ਗਈ ਸੀ। ਇਹ ਵੀ 27 ਅਪਰੈਲ ਨੂੰ ਖ਼ਤਮ ਹੋਣ ਜਾ ਰਹੀ ਸੀ ਪਰ ਮੂਰ ਨੇ ਹੁਣ ਇਹ ਆਖਿਆ ਹੈ ਕਿ ਉਹ ਸਥਿਤੀ ਦਾ ਤੇਜ਼ੀ ਨਾਲ ਮੁਲਾਂਕਣ ਕਰ ਰਹੇ ਹਨ ਤੇ ਮਾਸਕ ਪਾਉਣ ਦੀ ਲੋੜ ਫਿਰ ਮਹਿਸੂਸ ਕੀਤੀ ਜਾ ਰਹੀ ਹੈ।

# ਭਾਰਤੀ ਵਿਦਿਆਰਥੀ ਦੀ ਯਾਦ ਵਿੱਚ ਵਿਜਿਲ ਦਾ ਕੀਤਾ ਗਿਆ ਆਯੋਜਨ




ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਡਾਊਨਟਾਊਨ ਟੋਰਾਂਟੋ ਦੇ ਸਬਵੇਅ ਸਟੇਸ਼ਨ ਉੱਤੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰੇ ਗਏ 21 ਸਾਲਾ ਭਾਰਤੀ ਵਿਦਿਆਰਥੀ ਦੀ ਯਾਦ ਵਿੱਚ ਐਤਵਾਰ ਨੂੰ ਵਿਜਿਲ ਦਾ ਆਯੋਜਨ ਕੀਤਾ ਗਿਆ।

ਚਾਰ ਮਹੀਨੇ ਪਹਿਲਾਂ ਹੀ ਕੈਨੇਡਾ ਪਹੁੰਚੇ ਤੇ ਸੈਨੇਕਾ ਕਾਲਜ ਵਿੱਚ ਮਾਰਕਿਟਿੰਗ ਦੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀ ਕਾਰਤਿਕ ਵਾਸੂਦੇਵ ਦੇ ਪਰਿਵਾਰਕ ਮੈਂਬਰਾਂ, ਦੋਸਤਾਂ ਤੇ ਕੁਲੀਗਜ਼ ਵੱਲੋਂ ਨਥਾਨ ਫਿਲਿਪ ਸਕੁਏਅਰ ਉੱਤੇ ਕੁੱਝ ਪਲ ਦਾ ਮੌਨ ਧਾਰਕੇ ਉਸ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸੈਨੇਕਾ ਸਟੂਡੈਂਟ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਰਿਤਿਕ ਸ਼ਰਮਾ ਨੇ ਆਖਿਆ ਕਿ ਉਹ ਖੁਦ ਇੰਟਰਨੈਸ਼ਨਲ ਵਿਦਿਆਰਥੀ ਹੈ, ਤੇ ਇਸ ਘਟਨਾ ਦਾ ਉਸ ਸਮੇਤ ਕਈ ਇੰਟਰਨੈਸ਼ਨਲ ਵਿਦਿਆਰਥੀਆਂ ਉੱਤੇ ਡੂੰਘਾ ਅਸਰ ਪਿਆ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਆਉਣ ਲਈ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਘਟਨਾ ਤੋਂ ਬਾਅਦ ਵਿਦਿਆਰਥੀਆਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ।

ਵੀਰਵਾਰ ਸ਼ਾਮ ਨੂੰ ਜਦੋਂ ਟੋਰਾਂਟੋ ਦੇ ਸੇਂਟ ਜੇਮਜ਼ ਟਾਊਨ ਨੇੜੇ ਸ਼ੇਰਬਰਨ ਸਬਵੇਅ ਸਟੇਸ਼ਨ ਦੇ ਬਾਹਰ ਇਹ ਘਟਨਾ ਵਾਪਰੀ ਤਾਂ ਵਾਸੂਦੇਵ ਆਪਣੇ ਕੰਮ ਉੱਤੇ ਜਾ ਰਿਹਾ ਸੀ।ਇੱਕ ਆਫ ਡਿਊਟੀ ਪੈਰਾਮੈਡਿਕ ਨੇ ਕਾਰਤਿਕ ਨੂੰ ਮੌਕੇ ਉੱਤੇ ਫਰਸਟ ਏਡ ਵੀ ਦਿੱਤੀ ਤੇ ਫਿਰ ਉਸ ਨੂੰ ਸੇਂਟ ਮਾਈਕਲ ਹਸਪਤਾਲ ਲਿਜ-ਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇਸ ਸਬੰਧ ਵਿੱਚ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਮਸ਼ਕੂਕ ਬਲੈਕ ਵਿਅਕਤੀ ਹੈ, ਜੋ ਪੰਜ ਫੁੱਟ ਛੇ ਤੋਂ ਸੱਤ ਇੰਚ ਲੰਮਾਂ ਹੈ ਤੇ ਜਿਸ ਦੀ ਕੱਦਕਾਠੀ ਦਰਮਿਆਨੀ ਹੈ। ਉਸ ਨੂੰ ਆਖਰੀ ਵਾਰੀ ਹੈਂਡਗੰਨ ਦੇ ਨਾਲ ਹੌਵਰਡ ਸਟਰੀਟ ਉੱਤੇ ਗਲੈਨ ਰੋਡ ਦੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ।

ਇਸ ਸਮੇਂ ਵਾਸੂਦੇਵ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਜਾਣ ਲਈ ਕੌਂਸੂਲੇਟ ਜਨਰਲ ਆਫ ਇੰਡੀਆ ਉਸ ਦੇ ਪਰਿਵਾਰ ਨਾਲ ਤਾਲਮੇਲ ਕਰਕੇ ਕੰਮ ਕਰ ਰਿਹਾ ਹੈ। ਪਰਿਵਾਰ ਦੀ ਮਦਦ ਲਈ 50,000 ਡਾਲਰ ਇੱਕਠੇ ਕਰਨ ਵਾਸਤੇ ਗੋ ਫੰਡ ਮੀ ਪੇਜ ਕਾਇਮ ਕੀਤਾ ਗਿਆ ਹੈ। ਖਬਰ ਲਿਖੇ ਜਾਣ ਤੱਕ 25,000 ਡਾਲਰ ਇੱਕਠੇ ਵੀ ਕੀਤੇ ਜਾ ਚੁੱਕੇ ਸਨ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਜਰੂਰੀ ਬੇਨਤੀ
ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ
ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ
ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION





ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149




# ਮਿਸੀਸਾਗਾ ਵਿੱਚ ਸੱਤ ਗੱਡੀਆਂ ਆਪਸ ਵਿੱਚ ਟਕਰਾਈਆਂ, ਇੱਕ ਵਿਅਕਤੀ ਹਿਰਾਸਤ ਵਿੱਚ

ਮਿਸੀਸਾਗਾ, 13 ਅਪਰੈਲ (ਪ'ਸਟ ਬਿਊਰ') : ਮੰਗਲਵਾਰ ਸ਼ਾਮ ਨੂੰ ਇਟੋਬੀਕੋ ਤੇ ਮਿਸੀਸਾਗਾ ਵਿੱਚ ਕਈ ਹਾਦਸਿਆਂ ਨੂੰ ਜਨਮ ਦੇਣ ਵਾਲੇ ਵਿਅਕਤੀ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਇਸ ਵਿਅਕਤੀ ਉੱਤੇ ਕਈ ਗੱਡੀਆਂ ਚੋਰੀ ਕਰਨ ਤੇ ਹਾਦਸਿਆਂ ਦਾ ਸਿਲਸਿਲਾ ਸ਼ੁਰੂ ਕਰਨ ਦਾ ਦੋਸ਼ ਹੈ।

ਰਾਤੀਂ 8:00 ਵਜੇ ਤੋਂ ਬਾਅਦ ਬਰਨਹੈਮਥੌਰਪ ਰੋਡ ਤੇ ਹਾਈਵੇਅ 427 ਉੱਤੇ ਕਈ ਹਾਦਸਿਆਂ ਦੀ ਰਿਪੋਰਟ ਪੁਲਿਸ ਨੂੰ ਮਿਲੀ। ਇੱਕ ਗੱਡੀ ਲੰਮੀਂ ਦੂਰੀ ਤੱਕ ਘਿਸਟਦੀ ਗਈ ਤੇ ਚਰਚ ਵਿੱਚ ਜਾ ਟਕਰਾਈ। ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਨੇ ਕਾਰ ਨੂੰ ਅਗਵਾ ਕੀਤਾ ਤੇ ਕੁੱਝ ਸਮੇਂ ਬਾਅਦ ਉਸ ਨੂੰ ਟਰੱਕ ਦੇ ਪਿਛਲੇ ਹਿੱਸੇ ਵਿੱਚ ਦੇ ਮਾਰਿਆ। ਫਿਰ ਮਸ਼ਕੂਕ ਨੇ ਚੋਰੀ ਦੀ ਕਾਰ ਨੂੰ ਉੱਥੇ ਹੀ ਛੱਡਿਆ ਤੇ ਟਰੱਕ ਨੂੰ ਕਾਰਜੈਕ ਕਰ ਲਿਆ। ਉਹ ਟਰੱਕ ਨੂੰ ਭਜਾ ਕੇ ਲਿਜਾ ਰਿਹਾ ਸੀ ਪਰ ਚੋਰੀ ਦੀ ਕਾਰ ਟਰੱਕ ਦੇ ਪਿੱਛੇ ਹੀ ਫਸੀ ਰਹਿ ਗਈ ਤੇ ਦੂਰ ਤੱਕ ਘਿਸਟਦੀ ਗਈ।

ਫਿਰ ਅਖੀਰ ਉਹ ਕਾਰ ਆਪੇ ਹੀ ਕਿਤੇ ਜਾ ਕੇ ਟਰੱਕ ਦੇ ਪਿਛਲੇ ਹਿੱਸੇ ਤੋਂ ਬਾਹਰ ਨਿਕਲੀ ਤੇ ਹਾਈਡਰੋ ਪੋਲ ਨਾਲ ਜਾ ਟਕਰਾਈ ਤੇ ਫਿਰ ਚਰਚ ਵਿੱਚ ਹਾਦਸਾਗ੍ਰਸਤ ਹੋ ਗਈ। ਮਸ਼ਕੂਕ ਨੇ ਮਿਸੀਸਾਗਾ ਵੱਲ ਵਧਣਾ ਜਾਰੀ ਰੱਖਿਆ ਤੇ ਉਹ ਡਿਕਸੀ ਰੋਡ ਉੱਤੇ ਗਲਤ ਦਿਸ਼ਾ ਵੱਲ ਡਰਾਈਵ ਕਰਨ ਲੱਗਿਆ ਫਿਰ ਉਹ ਕੁਈਨਜ਼ਵੇਅ ਉੱਤੇ ਸਾਹਮਣੇ ਤੋਂ ਆ ਰਹੇ ਟਰੈਫਿਕ ਨਾਲ ਜਾ ਟਕਰਾਇਆ।



ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 8:00 ਵਜੇ ਤੋਂ ਬਾਅਦ ਸੱਤ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੀ ਖਬਰ ਮਿਲੀ ਸੀ। ਇੱਕ ਮਹਿਲਾ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਪੁਲਿਸ ਨੇ ਆਖਿਆ ਕਿ ਐਨੀਆਂ ਗੱਡੀਆਂ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਵੀ ਕਿਸੇ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਨਾ ਹੋਣ ਨੂੰ ਚਮਤਕਾਰ ਹੀ ਆਖਿਆ ਜਾ ਸਕਦਾ ਹੈ।

ਇਸ ਸਬੰਧ ਵਿੱਚ 30 ਸਾਲਾ ਮਸ਼ਕੂਕ ਨੂੰ ਮਿਸੀਸਾਗਾ ਤੋਂ ਹਾਦਸੇ ਵਾਲੀ ਥਾਂ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲਿਸ ਪਹਿਲਾਂ ਤੋਂ ਹੀ ਉਸ ਮਸ਼ਕੂਕ ਨੂੰ ਜਾਣਦੀ ਸੀ ਤੇ ਦੋ ਪੁਲਿਸ ਅਧਿਕਾਰੀਆਂ ਨੂੰ ਉਸ ਨੂੰ ਗ੍ਰਿਫਤਾਰ ਕਰਨ ਲਈ ਕੀਤੀ ਗਈ ਜੱਦੋ ਜਹਿਦ ਵਿੱਚ ਮਾਮੂਲੀ ਸੱਟਾਂ ਵੀ ਲੱਗੀਆਂ।

# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## Matrimonial



ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WWW.KULWINDERCHHINA.COM
KULWINDERCHHINA BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


You can Place Your Business Here To Reach Wider Audience
(905)793-2202
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc.
Cell:416-587-5520 Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

# ਸਿੰਗਲ ਵੂਮੈਨ ਕਲੱਬ ਤਲਾਕਸ਼ੁਦਾ ਔਰਤਾਂ ਦਾ ਸਹਾਰਾ ਬਣਿਆ

* ਮਿਸਰ ਵਿੱਚ ਤਲਾਕਸ਼ੁਦਾ ਔਰਤਾਂ ਨੂੰ ਫਲੈਟ ਮਿਲਣਾ ਮੁਸ਼ਕਲ



ਮਿਸਰ, 14 ਅਪ੍ਰੈਲ (ਪੋਸਟ ਬਿਊਰੋ)- ਮਿਸਰ ਵਿੱਚ ਬਹੁਤੀਆਂ ਔਰਤਾਂ ਤਲਾਕ ਦੇ ਬਾਅਦ ਪਿਤਾ ਦੇ ਘਰ ਰਹਿਣ ਲਈ ਚਲੀਆਂ ਜਾਂਦੀਆਂ ਹਨ, ਪਰ ਕੁਝ ਤਲਾਕਸ਼ੁਦਾ ਔਰਤਾਂ ਵੱਖਰਾ ਫਲੈਟ ਖਰੀਦ ਕੇ ਆਜ਼ਾਦ ਰਹਿਣਾ ਚਾਹੁੰਦੀਆਂ ਹਨ। ਇਸ ਦੇ ਲਈ ਮਿਸਰ ਵਿੱਚ ਤਲਾਕਸ਼ੁਦਾ ਔਰਤਾਂ ਨੂੰ ਆਸਾਨੀ ਨਾਲ ਫਲੈਟ ਨਹੀਂ ਮਿਲਦਾ।

ਅਜਿਹੇ ਹਾਲਾਤ ਵਿੱਚ ਮਿਸਰ ਵਿੱਚ ਸਿੰਗਲ ਵੂਮੈਨ ਕਲੱਬ ਬਣਾਇਆ ਗਿਆ ਹੈ। ਇਸ ਕਲੱਬ ਨਾਲ ਇਕੱਲੀਆਂ ਔਰਤਾਂ ਇੱਕ-ਦੂਸਰੇ ਦੇ ਸੰਪਰਕ ਵਿੱਚ ਰਹਿੰਦੀਆਂ ਹਨ। ਕਿਸੇ ਔਰਤ ਨੂੰ ਜੇ ਫਲੈਟ ਨਹੀਂ ਮਿਲਦਾ ਜਾਂ ਉਸ ਦਾ ਮਕਾਨ ਮਾਲਕ ਫਲੈਟ ਵਿੱਚੋਂ ਕੱਢ ਦੇਵੇ, ਤਾਂ ਉਹ ਆਪਣਾ ਫਲੈਟ ਸ਼ੇਅਰ ਕਰਦੀਆਂ ਹਨ। ਕਲੱਬ ਵਿੱਚ ਸ਼ਾਮਲ ਔਰਤਾਂ ਇੱਕ-ਦੂਸਰੇ ਨੂੰ ਆਰਥਿਕ ਮਦਦ ਵੀ ਕਰਦੀਆਂ ਹਨ। ਇਸ ਤਰ੍ਹਾਂ ਦੇ ਸਿੰਗਲ ਵੂਮੈਨ ਕਲੱਬ ਕਾਫੀ ਗੁਪਤ ਤਰੀਕੇ ਨਾਲ ਚਲਾਏ ਜਾਂਦੇ ਹਨ। ਕਲੱਬ ਦੀ ਮੈਂਬਰਸ਼ਿਪ ਕਾਫੀ ਜਾਂਚ ਦੇ ਬਾਅਦ ਦਿੱਤੀ ਜਾਂਦੀ ਹੈ। ਮਿਸਰ ਵਿੱਚ ਔਰਤਾਂ ਦਾ ਇਕੱਲਿਆਂ ਰਹਿਣਾ ਅਸੁਰੱਖਿਅਤ ਮੰਨਿਆ ਜਾਂਦਾ ਹੈ। ਮਕਾਨ ਮਾਲਕ ਪਹਿਲਾਂ ਇਕੱਲੀ ਔਰਤ ਨੂੰ ਫਲੈਟ ਕਿਰਾਏ ਉੱਤੇ ਨਹੀਂ ਦਿੰਦੇ। ਜੇ ਦਿੰਦੇ ਵੀ ਹਨ ਤਾਂ ਇਕੱਲੀ ਔਰਤ ਉੱਤੇ ਕਈ ਸ਼ਰਤਾਂ ਲਾ ਦਿੰਦੇ ਹਨ।

ਕਾਹਿਰਾ ਦੀ ਲਾਇਲਾ (ਬਦਲਿਆ ਹੋਇਆ ਨਾਂਅ) ਦਾ ਤੀਹ ਸਾਲ ਦੀ ਉਮਰ ਵਿੱਚ ਤਲਾਕ ਹੋਇਆ ਸੀ। ਇਸ ਦੇ ਬਾਅਦ ਉਸ ਨੇ ਅਲੱਗ ਰਹਿਣ ਲਈ ਫਲੈਟ ਲੱਭਣਾ ਚਾਹਿਆ ਤਾਂ ਉਸ ਨੂੰ ਕਈ ਨਿੱਜੀ ਸਵਾਲਾਂ ਦਾ ਜਵਾਬ ਦੇਣਾ ਪਿਆ। ਕਈ ਫਲੈਟਾਂ ਉਤੇ ਬਾਕ-ਾਇਦਾ ਲਿਖਿਆ ਹੁੰਦਾ ਹੈ ਕਿ ਇਕੱਲੀਆਂ ਔਰਤਾਂ ਨੂੰ ਫਲੈਟ ਕਿਰਾਏ ਉਤੇ ਨਹੀਂ ਦਿੱਤਾ ਜਾਵੇਗਾ। ਕਾਹਿਰਾ ਦੀ ਇੱਕ ਹੋਰ ਔਰਤ ਬਾਸਮਾਲਾ (ਬਦਲਿਆ ਹੋਇਆ ਨਾਂਅ) ਦੱਸਦੀ ਹੈ ਕਿ ਇੱਕ ਵਾਰ ਇਕੱਲੀ ਨੂੰ ਘਰ ਮਿਲ ਜਾਏ ਤਾਂ ਵੀ ਉਸ ਦੀਆਂ ਮੁਸ਼ਕਲਾਂ ਘੱਟ ਨਹੀਂ ਹੁੰਦੀਆਂ। ਗੁਆਂਢੀ ਅਤੇ ਇੱਥੋਂ ਤਕ ਕਿ ਅਪਾਰਟਮੈਂਟ ਦੇ ਵਾਚਮੈਨ ਦੀਆਂ ਘੂਰਦੀਆਂ ਨਜ਼ਰਾਂ ਤੋਂ ਉਨ੍ਹਾਂ ਨੂੰ ਬਚਣਾ ਪੈਂਦਾ ਹੈ।ਮਿਸਰ ਦੀ ਪੁਲਸ ਵੱਡੇ ਸ਼ਹਿਰਾਂ ਵਿੱਚ ਕਿਰਾਏ ਦੇ ਫਲੈਟ ਵਿੱਚ ਰਹਿਣ ਵਾਲੀਆਂ ਔਰਤਾਂ ਤੋਂ ਅਕਸਰ ਪੁੱਛਗਿੱਛ ਕਰਦੀ ਰਹਿੰਦੀ ਹੈ। ਸਿੰਗਲ ਵੂਮੈਨ ਫਲੈਟ ਉਤੇ ਪੁਲਸ ਛਾਪੇ ਮਾਰਦੀ ਰਹਿੰਦੀ ਹੈ। ਕਈ ਵਾਰ ਇਕੱਲੀਆਂ ਰਹਿਣ ਵਾਲੀਆਂ ਔਰਤਾਂ ਨੂੰ ਥਾਣੇ ਲਿਜਾਇਆ ਜਾਂਦਾ ਹੈ। ਪੁਲਸ ਦਾ ਮੰਨਣਾ ਹੈ ਕਿ ਫਲੈਟਾਂ ਵਿੱਚ ਇਕੱਲੀਆਂ ਰਹਿਣ ਵਾਲੀਆਂ ਔਰਤਾਂ ਦੇ ਕਾਰਨ ਅਪਰਾਧ ਹੁੰਦਾ ਹੈ।

## ਫਰਜ਼ੀ ਆਈ ਪੀ ਐਸ ਬਣ ਕੇ ਅਧਿਕਾਰੀਆਂ ਨੂੰ ਠੱਗਣ ਵਾਲਾ ਕਾਬੂ



ਬਠਿੰਡਾ, 14 ਅਪ੍ਰੈਲ (ਪੋਸਟ ਬਿਊਰੋ)- ਬਠਿੰਡਾ ਪੁਲਸ ਨੇ ਇੱਕ ਅਜਿਹੇ ਨੌਸਰਬਾਜ਼ ਨੂੰ ਗ੍ਰਿਫਤਾਰ ਕੀਤਾ ਹੈ, ਜੋ ਖੁਦ ਨੂੰ ਆਈ ਪੀ ਐਸ ਦੱਸ ਕੇ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾਉਂਦਾ ਸੀ। ਫੜੇ ਗਏ ਨੌਜਵਾਨ ਦੀ ਪਛਾਣ ਸੁਖਵਿੰਦਰ ਸਿੰਘ ਉਰਫ ਜੱਸੀ ਵਾਸੀ ਰਾਏਪੁਰ ਜ਼ਿਲ੍ਹਾ ਮਾਨਸਾ ਦੇ ਤੌਰ ਉੱਤੇ ਹੋਈ। ਦੋਸ਼ੀ ਦੇ ਕਬਜ਼ੇ ਵਿੱਚੋਂ ਪੁਲਸ ਦੀ ਵਰਦੀ ਵੀ ਬਰਾਮਦ ਹੋਈ ਹੈ। ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਦੋਸ਼ੀ ਇਸ ਤੋਂ ਪਹਿਲਾਂ ਇੰਸਪੈਕਟਰ, ਐਸ ਐਚ ਓ ਅਤੇ ਡੀ ਐਸ ਪੀ ਰੈਂਕ ਦੇ ਅਧਿਕਾਰੀਆਂ ਦੇ ਕੋਲ ਬਤੌਰ ਲਾਂਗਰੀ ਕੰਮ ਕਰਦਾ ਰਿਹਾ ਹੈ, ਜੋ ਪਿਛਲੇ ਕਰੀਬ ਇੱਕ ਡੇਢ ਸਾਲ ਤੋਂ ਫਰਜ਼ੀ ਆਈ ਪੀ ਐਸ ਬਣ ਕੇ ਲੋਕਾਂ ਨਾਲ ਠੱਗੀ ਕਰ ਰਿਹਾ ਸੀ।

ਸੁਖਵਿੰਦਰ ਲੋਕਾਂ ਨੂੰ ਝਾਂਸੇ ਵਿੱਚ ਫਸਾਉਣ ਦੇ ਲਈ ਮੋਬਾਈਲ ਫੋਨ ਵਰਤਦਾ ਸੀ, ਫੋਨ ਦੇ ਟਰੂਅ ਕਾਲਰ ਉੱਤੇ ਉਸ ਦਾ ਨਾਂਅ ਜਸਵਿੰਦਰ ਬਰਾੜ ਆਈ ਪੀ ਐਸ ਸ਼ੋਅ ਹੁੰਦਾ ਸੀ। ਦੋਸ਼ੀ ਕਿਸੇ ਥਾਣਾ ਮੁਖੀ ਜਾਂ ਹੋਰ ਸਰਕਾਰੀ ਅਧਿਕਾਰੀ ਨੂੰ ਫੋਨ ਕਰਦਾ ਕਿ ਮੇਰਾ ਲਾਂਗਰੀ ਤੁਹਾਡੇ ਕੋਲ ਆਏਗਾ, ਹੋ ਸਕੇ ਤਾਂ ਇੰਤਜ਼ਾਮ ਕਰ ਕੇ ਉਸ ਨੂੰ ਦੋ ਚਾਰ ਸ਼ਰਾਬ ਦੀਆਂ ਬੋਤਲਾ ਦਿਵਾ ਦਿਓ। ਉਹ ਜੰਗਲਾਤ ਵਿਭਾਗ ਦੇ ਅਧਿਕਾਰੀ ਨੂੰ ਵੀ ਝਾਂਸਾ ਦਿੰਦਾ ਸੀ ਕਿ ਮੇਰੇ ਲਾਂਗਰੀ ਨੂੰ ਲੱਕੜੀਆਂ ਦੀ ਲੋੜ ਹੈ, ਹੋ ਸਕੇ ਤਾਂ ਕੁਝ ਲੱਕੜੀਆਂ ਦਾ ਪ੍ਰਬੰਧ ਕਰਵਾ ਦੇਣਾ। ਫੋਨ ਰਿਸੀਵ ਕਰਨ ਵਾਲਾ ਸ਼ਖਸ ਇਹੀ ਸੋਚਦਾ ਸੀ ਕਿ ਆਈ ਪੀ ਐਸ ਅਧਿਕਾਰੀ ਦਾ ਫੋਨ ਹੈ, ਇਸ ਲਈ ਉਹ ਸਾਮਾਨ ਦੇਣਾ ਮੰਨ ਜਾਂਦਾ।ਫੋਨ ਕਰਨ ਦੇ ਬਾਅਦ ਦੋਸ਼ੀ ਖੁਦ ਹੀ ਲਾਂਗਰੀ ਬਣ ਕੇ ਸਬੰਧਤ ਅਧਿਕਾਰੀ ਕੋਲ ਸਾਮਾਨ ਲੈਣ ਚਲਾ ਜਾਂਦਾ ਸੀ। ਮੰਗਲਵਾਰ ਨੂੰ ਥਾਣਾ ਤਲਵੰਡੀ ਸਾਬੋ ਹੇਠਲੇ ਸਿੰਗੋ ਚੌਕੀ ਵਿੱਚ ਸ਼ਰਾਬ ਦੀ ਮੰਗ ਕਰਨ ਗਿਆ ਤਾਂ ਮੌਕੇ ਉੱਤੇ ਮੌਜੂਦ ਪੁਲਸ ਵਾਲਿਆਂ ਨੂੰ ਉਸ ਉੱਤੇ ਸ਼ੱਕ ਹੋਇਆ। ਪੁਲਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕੀਤੀ ਤਾਂ ਨਕਲੀ ਆਈ ਪੀ ਐਸ ਦਾ ਭੇਤ ਖੁੱਲ੍ਹ ਗਿਆ।

# ਠੇਕੇਦਾਰ ਦੀ ਮੌਤ ਦੇ ਕੇਸ ਵਿੱਚ ਕਰਨਾਟਕ ਦੇ ਮੰਤਰੀ ਉੱਤੇ ਕੇਸ


* ਖੁਦਕੁਸ਼ੀ ਲਈ ਉਕਸਾਉਣ ਦੀਆਂ ਧਾਰਾਵਾਂ ਲੱਗੀਆਂ



ਬੰਗਲੌਰ, 14 ਅਪ੍ਰੈਲ (ਪੋਸਟ ਬਿਊਰੋ)- ਕਰਨਾਟਕ ਦੇ ਸੀਨੀਅਰ ਮੰਤਰੀ ਆਰ ਈਸ਼ਵਰੱਪਾ ਉੱਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਉਣ ਵਾਲੇ 37 ਸਾਲਾ ਠੇਕੇਦਾਰ ਦੀ ਮੌਤ ਬਾਰੇਖੁਦਕੁਸ਼ੀ ਲਈ ਉਕਸਾਉਣ ਦਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਸੰਤੋਸ਼ ਪਾਟਿਲ ਦੀ ਮੌਤ ਦੇ ਪਿੱਛੇ ਸਾਜ਼ਿਸ਼ ਦੀ ਜਾਂਚ ਦੀ ਮੰਗ ਕੀਤੀ ਹੈ।

ਮ੍ਰਿਤਕ ਦੇ ਪਰਵਾਰ ਨੇ ਕਰਨ-ਾਟਕ ਦੇ ਭਾਜਪਾ ਮੰਤਰੀ ਆਰ ਈਸ਼ਵਰੱਪਾਦੀ ਗ੍ਰਿਫਤਾਰੀ ਹੋਣ ਤਕ ਲਾਸ਼ ਨਾ ਲੈਣ ਦਾ ਐਲਾਨ ਕੀਤਾ ਹੈ। ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਿਹਾ ਕਿ ਵਿਰੋਧੀ ਧਿਰ ਇਸ ਮਾਮਲੇ ਵਿੱਚ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ। ਉਨ੍ਹਾ ਨੇ ਭਰੋਸਾ ਦਿੱਤਾ ਕਿ ਇਸ ਕੇਸ ਦੀ ਨਿਰੱਪਖ ਜਾਂਚ ਹੋਵੇਗੀ ਅਤੇ ਉਸ ਵਿੱਚ ਸਰਕਾਰ ਦਾ ਦਖਲ ਨਹੀਂ ਹੋਵੇਗਾ। ਮੰਤਰੀ ਈਸ਼ਵਰੱਪਾ ਦਾ ਬਿਆਨ ਕੱਲ੍ਹ ਓਦੋਂ ਆਇਆ ਸੀ, ਜਦੋਂ ਪੁਲਸ ਨੇ ਉਸ ਉੱਤੇ ਉਡੂਪੀ ਵਿੱਚ ਸੰਤੋਸ਼ ਪਾਟਿਲ ਦੀ ਮੌਤ ਤੋਂ ਬਾਅਦ ਖੁਦਕੁਸ਼ੀ ਲਈ ਉਕਸਾਉਣ ਦਾ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਮੰਤਰੀ ਉੱਤੇ ਭ੍ਰਿਸ਼ਟਾਚਾਰ ਦਾ ਦੋਸ਼ ਲੱਗਦਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਰਾਜ ਮੰਤਰੀ ਆਰ ਈਸ਼ਵਰੱਪਾਨੇ ਇਸ ਗੱਲ ਉੱਤੇ ਹੈਰਾਨੀ ਪ੍ਰਗਟਾਈ ਕਿ ਇਕ ਵਾਟਸਐਪ ਸੰਦੇਸ਼ ਨੂੰ ਖੁਦਕੁਸ਼ੀ ਨੋਟ ਕਿਵੇਂ ਮੰਨਿਆ ਜਾ ਸਕਦਾ ਹੈ।ਉਨ੍ਹਾਂ ਨੇ ਸੰਤੋਸ਼ ਪਾਟਿਲ ਦੇ ਸੰਦੇਸ਼ ਬਾਰੇ ਕਿਹਾ ਕਿ ਇਹ ਕੋਈ ਵੀ ਟਾਈਪ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਟਿਲ ਦੀ ਲਾਸ਼ ਨਾਲ ਕੋਈ ਡੈਥ ਨੋਟ ਨਹੀਂ ਮਿਲਿਆ। ਈਸ਼ਵਰੱਪਾ ਨੇ ਆਪਣੇ ਜ਼ਿਲ੍ਹੇ ਵਿੱਚ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਮੇਰੇ ਅਸਤੀਫੇ ਦਾ ਸਵਾਲ ਹੀ ਨਹੀਂ ਉਠਦਾ, ਮੈਂ ਆਪਣੇ ਅਸਤੀਫੇ ਲਈ ਵਿਰੋਧੀ ਧਿਰ ਦੀ ਮੰਗ ਅੱਗੇ ਨਹੀਂ ਝੁਕਾਂਗਾ।

# 7,649 ਕਰੋੜ ਨਾਲ ਦਿੱਲੀ ਦੇ ਵਿਕਾਸ ਨੂੰ ਤੇਜ਼ੀ ਮਿਲੇਗੀ



ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਢਾਂਚਾਗਤ ਵਿਕਾਸ ਅਤੇ ਸੜਕਾਂ ਨੂੰ ਬੇਹਤਰ ਬਣਾਉਣ ਲਈ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਨੂੰ ਦਿੱਲੀ ਸਰਕਾਰ ਨੇ ਵਿੱਤੀ ਸਾਲ 2022-23 ਦੇ ਬਜਟ ਵਿੱਚ 7,649 ਕਰੋੜ ਰੁਪਏ ਅਲਾਟ ਕੀਤੇ ਹਨ। ਇਹ ਪਿਛਲੇ ਵਿੱਤੀ ਸਾਲ ਦੀ ਤੁਲਨਾ ਵਿੱਚ 1000 ਕਰੋੜ ਤੋਂ ਵੱਧ ਹੈ। ਪਿਛਲੇ ਵਿੱਤੀ ਸਾਲ 2021-22 ਦੇ ਬਜਟ ਵਿੱਚ ਇਸ ਮਦ ਵਿੱਚ 6492 ਕਰੋੜ ਰੁਪਏਅਲਾਟ ਕੀਤੇ ਗਏ ਸਨ ਸੀ, ਜਿਸ ਨੂੰ ਸੋਧੇਗਏ ਬਜਟ ਅਨੁਸਾਰ ਵਿੱਚ 6,773 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਕੋਰੋਨਾ ਮਹਾਮਾਰੀ ਤੋਂ ਉਬਰਨ ਪਿੱਛੋਂ ਰੈਵਿਨਿਊ ਦੀ ਵਸੂਲੀ ਤੇ ਬੇਹਤਰ ਹੋਣ ਦੀ ਉਮੀਦ ਹੈ। ਇਸ ਲਈ ਚਾਲੂ ਵਿੱਤੀ ਸਾਲ ਵਿੱਚ ਯੋਜਨਾਵਾਂ ਉੱਤੇ ਤੇਜ਼ੀ ਨਾਲ ਕੰਮ ਹੋਣ ਦਾ ਰਸਤਾ ਸਾਫ਼ ਹੋ ਗਿਆ ਹੈ। ਸੜਕਾਂ ਹੋਰ ਬੇਹਤਰ ਬਣਾਉਣ ਦੇ ਨਾਲ ਪੈਦਲ ਯਾਤਰੀਆਂ ਦੀ ਸੁਵਿਧਾ ਨੂੰ ਬੇਹਤਰ ਕੀਤਾ ਜਾਵੇਗਾ। ਹਸਪਤਾਲਾਂ ਅਤੇ ਸਕੂਲਾਂ ਦੇ ਨਿਰਮਾਣ ਕੰਮ ਤੇਜ਼ੀ ਨਾਲ ਹੋਣਗੇ। ਮੁਫ਼ਤ ਵਾਈਫਾਈ, ਸੀ ਸੀ ਟੀ ਵੀ ਅਤੇ ਡਾਰਕ ਸਪਾਟ ਖ਼ਤਮ ਕਰਨ ਲਈ ਸ਼ੁਰੂ ਕੀਤੀਆਂ ਯੋਜਨਾਵਾਂ ਦੇ ਬਾਕੀ ਬਚੇ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ। ਚਾਲੂ ਵਿੱਤੀ ਸਾਲ ਵਿੱਚ 5 ਪੁਲ, 2 ਅੰਡਰਪਾਸ, ਪੈਦਲ ਯਾਤਰੀਆਂ ਦੇ ਲਈ ਸਬ-ਵੇਅ, ਆਸ਼ਰਮ ਫਲਾਈਓਵਰ ਦਾ ਡੀ ਐਨ ਡੀ ਫਲਾਈਵੇਅ ਤਕ ਵਿਸਤਾਰ ਆਦਿ ਦਾ ਕੰਮ ਪੂਰਾ ਹੋਵੇਗਾ।

## ਅਭਿਨੇਤਰੀ ਸੋਨਮ ਕਪੂਰ ਦੇ ਘਰੋਂ ਢਾਈ ਕਰੋੜ ਦੀ ਲੁੱਟ ਬਾਰੇ ਸੂਹ ਨਹੀਂ ਮਿਲੀ

ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਰੀ ਸੋਨਮ ਕਪੂਰ ਅਤੇ ਉਨ੍ਹਾਂ ਦੇ ਪਤੀ ਆਨੰਦ ਆਹੂਜਾ ਦੀ ਦਿੱਲੀ ਵਾਲੀ ਰਿਹਾਇਸ਼ ਉੱਤੇ 2.4 ਕਰੋੜ ਰੁਪਏ ਦੀ ਲੁੱਟ ਦੇ ਕੇਸ ਵਿੱਚ ਜਾਂਚ ਤੇਜ਼ ਕਰ ਦਿੱਤੀ ਗਈ ਹੈ। ਪੁਲਸ ਨੇ ਸ਼ੱਕ ਦੇ ਆਧਾਰ ਉੱਤੇ ਉਨ੍ਹਾਂ ਦੇ ਘਰ ਦੇ 20 ਤੋਂ ਵੱਧ ਘਰੇਲੂ ਨੌਕਰਾਂ ਤੋਂ ਪੁੱਛਗਿੱਛ ਕੀਤੀ ਹੈ, ਪਰ ਅਜੇ ਤਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ ਅਤੇ ਕੋਈ ਸੁਰਾਗ ਵੀ ਨਹੀਂ ਮਿਲ ਸਕਿਆ।

ਮਿਲੀ ਜਾਣਕਾਰੀ ਮੁਤਾਬਕ ਸੋਨਮ ਕਪੂਰ ਤੇ ਉਨ੍ਹਾਂ ਦੇ ਪਤੀ ਆਨੰਦ ਆਹੂਜਾ ਦਾ ਘਰ ਅੰਮ੍ਰਿਤਾ ਸ਼ੇਰਗਿੱਲ ਮਾਰਗ ਨੇੜੇ ਹੈ। ਪੁਲਸ ਨੇ 23 ਫਰਵਰੀ ਨੂੰ ਸ਼ਿਕਾਇਤ ਦਰਜ ਕੀਤੀ ਸੀ। ਘਟਨਾ 11 ਫਰਵਰੀ ਦੀ ਹੈ। ਡੀ ਸੀ ਪੀ (ਨਵੀਂ ਦਿੱਲੀ) ਨੇ ਦਸਿਆ ਕਿ ਜਾਂਚ ਟੀਮਾਂ ਬਣਾਈਆਂ ਹਨਅਤੇ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਸੇ ਦਿਨ ਤੁਗਲਕ ਰੋਡ ਪੁਲਸ ਥਾਣੇ ਵਿੱਚ ਆਈ ਪੀ ਸੀ ਦੀ ਧਾਰਾ 381ਦਾ ਕੇਸ ਦਰਜ ਕੀਤਾ ਗਿਆ ਸੀ। ਪੁਲਸ ਨੇ ਕਿਹਾ ਕਿ ਮਾਮਲਾ ਬਾਅਦ ਵਿੱਚ ਨਵੀਂ ਦਿੱਲੀ ਜ਼ਿਲ੍ਹੇ ਦੇ ਵਿਸ਼ੇਸ਼ ਕਰਮਚਾਰੀਆਂ ਨੂੰ ਟਰਾਂਸਫਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸ਼ੱਕ ਹੈ ਕਿ ਘਰੇਲੂ ਸਹਾਇਕਾਂ ਜਾਂ ਸ਼ਿਕਾਇਤਕਰਤਾ ਦੇ ਘਰ ਦੇ ਕਰਮਚਾਰੀ ਚੋਰੀ ਵਿੱਚ ਸ਼ਾਮਲ ਹੋ ਸਕਦੇ ਹਨ।




IMMIGRATION SERVICES
INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
We specialize in Humanitarian and Compassionate Applications
DRAKE
IMMIGRATION SOLUTIONS
CAPIC
ACCP
(204) 558-9750
www.drakeimmigration.ca
Toronto Office: 98 Gallucci Cres
Brampton, ON L6P 1R7
Winnipeg Office: Centro Caboto Centre
128-1055 Wilkes Ave, Winnipeg, MB R3P 2L7
AUTHORIZED AGENT
FOR MITT
MANITOBA INSTITUTE OF TRADES & TECHNOLOGY


323rd Revelation Day of Khalsa
੩੨੩ ਵਾਂ ਖਾਲਸਾ ਸਾਜਨਾ ਦਿਵਸ
44th Annual Khalsa Day Celebration in Toronto
KHALSA DAY 2022
Sunday, 24th April 2022
Kultar Singh Gill 416-676-8820
Inderjit Singh Jagron 416-704-0506
Pall Singh Badwal 416-402-9053
Manjit Singh Parmar 416-524-7330
Harbans Singh Jandali 416-804-1999
Bhupinder Singh Ubbi 416-726-7388
Ajmer Singh Mandur 519-574-5042
PLEASE NOTE: NO PARADE THIS YEAR
CELEBRATIONS ONLY AT NATHAN PHILIPS SQUARE (City Hall)
10.00 AM TO 5:00 PM
Ontario Sikhs & Gurdwara Council
Celebration 323th year of Khalsa Day (1699-2022)
Nathan Philips Square (City Hall, Toronto)
April 24, 2022 Sunday
ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ
੩੨੩ਵਾਂ ਖਾਲਸਾ ਸਾਜਨਾ ਦਿਵਸ(੧੬੯੯-੨੦੨੨)
ਨਾਥਨ ਫਿਲਿਪਸ ਸਕਿਅਰ (ਸਿਟੀ ਹਾਲ, ਟੋਰਾਂਟੋ)
ਅਪ੍ਰੈਲ ੨੪, ੨੦੨੨ ਦਿਨ ਐਤਵਾਰ


ASIAN FOOD CENTRE
Vaisakhi SALE
www.AsianFoodCentre.com
8TH APR TO 19TH APR 2022
Fresh Fruits, Vegetables, Indian & Canadian Grocery
$13.99 SHER DESI STYLE ATTA
$12.99 TAJ ATTA
$4.99 MEERA BESAN
$4.99 ALMONDS
$8.99 ASIAN BASMATI RICE
$7.99 AFC DIAMOND RICE
$4.29 MOTHER DAIRY PANEER
$1.99 SAFFRON
$5.49 GOLDEN COOKIES
$13.99 ANGUR TOOR DAL
$7.99 TASTY BROWN SUGAR
$2.99 REDPATH SUGAR
$8.99 TEA INDIA
$3.49 INDIAN ROOHAFZA
$0.89 PARLE-G
$8.99 BRAR RASMALAI
$2.99 BRITANNIA DRY CAKE
$3.99 MOTHER DAIRY MAKHANI
$4.99 BIKANERI COOKIES
$3.99 POPULAR PARATHA
$4.99 HEINZ KETCHUP
$0.99 MR GOUDAS SALT
2 FOR $1 INDICA NATURAL BROWN HAIR COLOR
$3.79 PACHARANGA FOODS ASSORTED PICKLE
3 FOR $2 GOOD DAY COOKIES
$2.29 SURATI SNACKS
$0.99 APPY FIZZ
$10.99 WAGHABAKRI TEA
$1.49 BR TIGER GLUCOSE BISCUIT
$1.49 MR GOUDAS CHICK PEAS
$3.99 BIKANO DRY PETHA
$3.29 BIKANERI GOLGAPPE
$1.49 MR GOUDAS RED KIDNEY BEANS
$4.49 PAKISTANI ROOHAFZA
$3.49 BRITANNIA MILK RUSK
$4.49 BLACK CHANA
$3.99 CHANA DAL
$0.79 CIAN FRESH CUT VEGETABLES
$2.29 PRAN ASST CHUTNEY
$1.29 PRAN FLATTENED RICE (POHA)
VARIETIES OF SWEETS AVAILABLE
ETOBICOKE 10 Westmore Dr. 416-740-3262
MISSISSAUGA 1075 Ceremonial Dr 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only.

## Urgently Need New Listings in Brampton/Caledon

visit: www.teamjagaujla.com



Call **JAG AUJLA**

MCNE, REAL ESTATE BROKER

DIR: **416-371-7777**

j.aujla@rogers.com www.jagaujla.com

Follow Us:

Platinum Club Award (2020-2017) (2009-2018) (REMAX International) · Chairman's Club Award (2021, 2018, 2015, 2014, 2013, 2012, 2011, 2010) · Hall of Fame (2010) · Lifetime Achievement Award (2014) · GUARANTEED Till SOLD · MCNE

**CALL JAG FOR A QUICK & FREE HOME EVALUATION**

www BramptonTopRealtor.com www BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**


**JUST LISTED FOR SALE**



* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**



* Spent over $200k on upgrades

* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

BRAMPTON, ONTARIO — Call Jag Aujla For Details

| | | |
|---|---|---|
| SOLD $215,000 OVER ASKING IN 2 DAYS — 42 Lawnview Crt — Sandalwood /Hwy 10 / Braidwood | SOLD $101,000 OVER ASKING IN 2 DAYS — 11 Germain Circ — Miss.Rd/ William Pkwy/ Bovaird | SOLD $165,000 OVER ASKING IN 2 DAYS — 5 Mitchell Ave — Sandalwood/ Conestoga/ Dalzell |
| SOLD @101% OF ASKING PRICE — 12 Laurelcrest St — Queen / Laurelcrest / Hwy 410 | SOLD $260,000 OVER ASKING IN 4 DAYS — 10 Lady Stewart Blvd — Howden / William Pkwy/ Hwy 410 | SOLD @99% OF ASKING PRICE — 11 Van Hoof Crest — Castlemore/ Goreway / Latania |
| SOLD $121,000 OVER ASKING IN 6 DAYS Caledon — 42 Pinedale Ave — Kennedy / Dougall | SOLD $73,000 OVER ASKING IN 6 DAYS Shelbourne — 416 Olde Village Lane — Hwy 89 / Greenwood | SOLD $355,000 OVER ASKING IN 4 DAYS — 37 Esker Dr — Heart Lake Rd/Sandalwood Pkwy |

**FREE**

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated) Off: 905-456-3232

*(Based on units sold & commissions)** *Some Conditions Apply.

*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call **JAG AUJLA** DIR: **416-371-7777**

MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT — March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative

Tel: 905.793.5777 **416.802.5866**

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉੱਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉੱਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

**Afternoon and Midnight Shifts Available.**

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:

* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ

* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

80 West Drive, Brampton

Apply In Person to complete application in the Shipping Department



## Vaisakhi Greetings


Techspirit Solutions

Audio/Video, Networking & Security Cameras

ਪੰਜਾਬੀਆਂ ਦੀ ਅਮੀਰ ਵਿਰਾਸਤ ਨੂੰ ਸਿਜਦਿਆਂ ਕਰਦਿਆਂ

ਆਪ ਸਭ ਨੂੰ ਖਾਲਸੇ ਦੇ ਜਨਮ ਦਿਹਾੜੇ ਅਤੇ

ਵਿਸਾਖੀ ਦੀ ਲੱਖ ਲੱਖ ਵਧਾਈਆਂ



- SMART SECURITY MANAGEMENT
- CCTV SECURITY INSTALLATION
- VIDEO SURVEILLANCE SOLUTIONS
- WIFI MANAGEMENT
- NETWORKING




Call: (905) 621-4100 | 7-8770 The Gore Road, Brampton, ON L6P 0B1